Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 57 | Wednesday, March 23, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਅਫਗਾਨੀ ਸਿੱਖ ਰਫਿਊਜੀਆਂ ਦੇ ਕੈਨੇਡਾ ਪਹੁੰਚਣ ਦਾ ਡਬਲਿਊ ਐਸ ਓ ਨੇ ਕੀਤਾ ਸਵਾਗਤ

## ਪਿੱਛੇ ਰਹਿ ਗਏ ਸਿੱਖ ਤੇ ਹਿੰਦੂ ਪਰਿਵਾਰਾਂ ਲਈ ਪ੍ਰਗਟਾਇਆ ਤੌਖਲਾ




ਓਟਵਾ, 22 ਮਾਰਚ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਅਫਗਾਨੀ ਸਿੱਖ ਤੇ ਹਿੰਦੂ ਰਫਿਊਜੀ ਪਰਿਵਾਰਾਂ ਦੇ ਕੈਨੇਡਾ ਪਹੁੰਚਣ ਦਾ ਸਵਾਗਤ ਕੀਤਾ ਗਿਆ। ਇਸ ਦੇ ਨਾਲ ਹੀ ਅਫਗਾਨਿਸਤਾਨ ਵਿੱਚ ਰਹਿ ਗਏ ਸਿੱਖ ਤੇ ਹਿੰਦੂ ਪਰਿਵਾਰਾਂ ਲਈ ਚਿੰਤਾ ਵੀ ਪ੍ਰਗਟਾਈ।

ਇਸ ਮਹੀਨੇ ਅੰਦਾਜ਼ਨ 98 ਰਫਿਊਜੀਆਂ ਦੇ ਕੈਲੋਨਾ, ਵੈਨਕੂਵਰ ਤੇ ਕੈਲਗਰੀ ਪਹੁੰਚਣ ਦੀ ਉਮੀਦ ਸੀ।2015 ਵਿੱਚ ਇਹ ਪਰਿਵਾਰ ਅਫਗਾਨਿਸਤਾਨ ਛੱਡ ਕੇ ਭਾਰਤ ਆ ਗਏ ਤੇ ਉੱਥੋਂ ਮਨਮੀਤ ਸਿੰਘ ਭੁੱਲਰ ਫਾਊਂਡੇਸ਼ਨ ਦੀ ਅਗਵਾਈ ਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ, ਕਮਿਊਨਿਟੀ ਗਰੁੱਪਜ਼ ਤੇ ਕੁੱਝ ਵਿਅਕਤੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਇਹ ਪਰਿਵਾਰ ਕੈਨੇਡਾ ਪਹੁੰਚ ਸਕਣ ਵਿੱਚ ਕਾਮਯਾਬ ਹੋਏ।ਡਬਲਿਊ ਸਿੱਖ ਆਰਗੇਨਾਈਜ਼ੇਸ਼ਨ ਨੇ ਇਨ੍ਹਾਂ ਪਰਿਵਾਰਾਂ ਲਈ ਸਪਾਂਸਰਜ਼ ਲੱਭਣ ਤੇ ਕੈਨੇਡਾ ਵਿੱਚ ਇਨ੍ਹਾਂ ਰਫਿਊਜੀਆਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਵਿੱਚ ਮਦਦ ਕੀਤੀ।

ਨਵੰਬਰ 2015 ਵਿੱਚ ਆਪਣੀ ਮੌਤ ਤੋਂ ਪਹਿਲਾਂ ਮਨਮੀਤ ਸਿੰਘ ਭੁੱਲਰ ਵੱਲੋਂ ਅਫਗਾਨਿਸਤਾਨ ਦੇ ਹੈਲਮੰਡ ਪ੍ਰੋਵਿੰਸ, ਜਿੱਥੇ ਇਨ੍ਹਾਂ ਸਿੱਖਾਂ ਤੇ ਹਿੰਦੂਆਂ ਨੂੰ ਅਸਹਿਣਸ਼ੀਲਤਾ ਤੇ ਹਮਲਿਆਂ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤੋਂ ਇਨ੍ਹਾਂ ਸਿੱਖਾਂ ਤੇ ਹਿੰਦੂਆਂ ਨੂੰ ਬਾਹਰ ਕੱਢਣ ਲਈ ਪ੍ਰਬੰਧ ਕੀਤਾ ਗਿਆ। ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟਿਜ਼ਨਸ਼ਿਪ ਕੈਨੇਡਾ ਵੱਲੋਂ ਇਨ੍ਹਾਂ ਰਫਿਊਜੀਆਂ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਕਰਨ ਲਈ ਸੱਤ ਸਾਲ ਦੀ ਲੰਮੀਂ ਪ੍ਰਕਿਰਿਆ ਵਿੱਚੋਂ ਲੰਘਣਾ ਪਿਆ।

ਡਬਲਿਊ ਐਸ ਓ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਅਫਗਾਨੀ ਸਿੱਖਾਂ ਤੇ ਹਿੰਦੂਆਂ ਦੇ ਕੈਨੇਡਾ ਪਹੁੰਚੇ ਤਾਜ਼ਾ ਗਰੁੱਪ ਦਾ ਸਵਾਗਤ ਕੀਤਾ। ਉਨ੍ਹਾਂ ਆਖਿਆ ਕਿ ਵੱਡੀਆਂ ਚੁਣੌਤੀਆਂ ਦੇ ਬਾਵਜੂਦ ਮਨਮੀਤ ਸਿੰਘ ਭੁੱਲਰ ਨੇ ਆਪਣੀ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਇਨ੍ਹਾਂ ਪਰਿਵਾਰਾਂ ਨੂੰ ਕੈਨੇਡਾ ਲਿਆਉਣ ਲਈ ਰਾਹ ਪੱਧਰਾ ਕੀਤਾ।ਉਨ੍ਹਾਂ ਆਖਿਆ ਕਿ ਇਸ ਪ੍ਰੋਜੈਕਟ ਉੱਤੇ 2015 ਤੋਂ ਮਨਮੀਤ ਤੇ ਉਨ੍ਹਾਂ ਦੇ ਪਰਿਵਾਰ ਨਾਲ ਕੰਮ ਕਰ ਰਹੀ ਟੀਮ ਦਾ ਹਿੱਸਾ ਬਣਨ ਉੱਤੇ ਡਬਲਿਊ ਐਸ ਓ ਨੂੰ ਮਾਣ ਹੈ।

ਉਨ੍ਹਾਂ ਆਖਿਆ ਕਿ ਅਜੇ ਵੀ ਅਫਗਾਨਿਸਤਾਨ ਵਿੱਚ ਫਸੇ ਹੋਏ 200 ਸਿੱਖ ਤੇ ਹਿੰਦੂ ਪਰਿਵਾਰਾਂ ਲਈ ਉਹ ਕਾਫੀ ਚਿੰਤਤ ਹਨ ਤੇ ਮਾਰਚ 2020 ਵਿੱਚ ਕਾਬੁਲ ਦੇ ਕਰਤੇ ਪਰਵਾਨ ਗੁਰਦੁਆਰੇ ਉੱਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਗਏ 500 ਪਰਿਵਾਰਾਂ ਨੂੰ ਲੈ ਕੇ ਵੀ ਉਹ ਕਾਫੀ ਪਰੇਸ਼ਾਨ ਹਨ ਕਿਉਂਕਿ ਵਾਰੀ ਵਾਰੀ ਸਾਡੀ ਆਰਗੇਨਾਈਜ਼ੇਸ਼ਨ ਤੇ ਕੈਨੇਡੀਅਨ ਸਿੱਖਾਂ ਵੱਲੋਂ ਮੰਗ ਕੀਤੇ ਜਾਣ ਦੇ ਬਾਵਜੂਦ ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਕੈਨੇਡਾ ਸੱਦਣ ਲਈ ਕੋਈ ਰਾਹ ਨਹੀਂ ਖੋਲ੍ਹਿਆ ਜਾ ਰਿਹਾ।

ਉਨ੍ਹਾਂ ਆਖਿਆ ਕਿ ਪਿਛਲੇ ਕਈ ਹਫਤਿਆਂ ਤੋਂ ਯੂਕਰੇਨੀ ਰਫਿਊਜੀਆਂ ਲਈ ਕੈਨੇਡਾ ਨੇ ਰਾਹ ਬਣਾਇਆ ਹੈ ਤੇ ਇਹ ਬੜਾ ਹੀ ਸ਼ਲਾਘਾਯੋਗ ਕਦਮ ਹੈ। ਪਰ ਸਰਕਾਰ ਨੂੰ ਹੋਰਨਾਂ ਰਫਿਊਜੀ ਗਰੁੱਪਜ਼, ਜਿਨ੍ਹਾਂ ਵਿੱਚ ਅਫਗਾਨੀ ਸਿੱਖ ਤੇ ਹਿੰਦੂ ਸ਼ਾਮਲ ਹਨ, ਲਈ ਵੀ ਰਾਹ ਤਿਆਰ ਕਰਨਾ ਚਾਹੀਦਾ ਹੈ।ਉਨ੍ਹਾਂ ਆਖਿਆ ਕਿ ਅਸੀਂ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਕੈਨੇਡਾ ਲਿਆਉਣ ਵਿੱਚ ਹੋਰ ਸੱਤ ਸਾਲ ਦਾ ਸਮਾਂ ਲੱਗੇ।

# ਡੌਨ ਵੈਲੀ ਵੈਸਟ ਤੋਂ ਪੀ ਸੀ ਪਾਰਟੀ ਲਈ ਲੜਨਗੇ ਸਾਬਕਾ ਪੁਲਿਸ ਚੀਫ ਮਾਰਕ ਸਾਂਡਰਸ



ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦੇ ਸਾਬਕਾ ਚੀਫ ਮਾਰਕ ਸਾਂਡਰਸ ਆਉਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਵਜੋਂ ਖੜ੍ਹੇ ਹੋਣਗੇ।

ਮੰਗਲਵਾਰ ਸਵੇਰੇ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪਾਰਟੀ ਨੇ ਡੌਨ ਵੈਲੀ ਵੈਸਟ ਤੋਂ ਸਾਂਡਰਸ ਨੂੰ ਉਮੀਦਵਾਰ ਐਲਾਨਿਆ। ਇਸ ਸਮੇਂ ਇਸ ਹਲਕੇ ਦੀ ਨੁਮਾਇੰਦਗੀ ਲਿਬਰਲ ਕੈਥਲੀਨ ਵਿੰਨ ਵੱਲੋਂ ਕੀਤੀ ਜਾ ਰਹੀ ਹੈ ਪਰ ਸਾਬਕਾ ਪ੍ਰੀਮੀਅਰ ਇਹ ਸਾਫ ਕਰ ਚੁੱਕੀ ਹੈ ਕਿ ਜੂਨ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਉਹ ਦੁਬਾਰਾ ਹਿੱਸਾ ਨਹੀਂ ਲਵੇਗੀ।ਉਨ੍ਹਾਂ ਦੀ ਥਾਂ ਉੱਤੇ ਬੈਂਕ ਆਫ ਕੈਨੇਡਾ ਦੀ ਸਾਬਕਾ ਬੋਰਡ ਮੈਂਬਰ ਸਟੀਫਨੀ ਬੋਅਮੈਨ ਚੋਣ ਲੜੇਗੀ।

ਇਸ ਨਿਊਜ਼ ਰਲੀਜ਼ ਵਿੱਚ ਸਾਂਡਰਸ ਨੇ ਆਖਿਆ ਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਡੌਨ ਵੈਲੀ ਵੈਸਟ ਤੋਂ 2022 ਲਈ ਓਨਟਾਰੀਓ ਦੀ ਪੀਸੀ ਪਾਰਟੀ ਦਾ ਉਮੀਦਵਾਰ ਚੁਣੇ ਜਾਣ ਉੱਤੇ ਉਹ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਕਈ ਸਾਲਾਂ ਤੋਂ ਉਹ ਡੱਗ ਨਾਲ ਕੰਮ ਕਰਦੇ ਆ ਰਹੇ ਹਨ ਤੇ ਓਨਟਾਰੀਓ ਵਾਸੀਆਂ ਪ੍ਰਤੀ ਫੋਰਡ ਦੇ ਸਮਰਪਣ ਤੇ ਉਨ੍ਹਾਂ ਦੀ ਮਜ਼ਬੂਤ ਲੀਡਰਸ਼ਿਪ ਦੀ ਉਨ੍ਹਾਂ ਸਦਾ ਸ਼ਲਾਘਾ ਕੀਤੀ ਹੈ ਖਾਸਤੌਰ ਉੱਤੇ ਪਿਛਲੇ ਦੋ ਸਾਲਾ ਵਿੱਚ ਮਹਾਂਮਾਰੀ ਦੌਰਾਨ ਜੋ ਕੰਮ ਉਨ੍ਹਾਂ ਵੱਲੋਂ ਕੀਤਾ ਗਿਆ ਹੈ ਉਹ ਕਾਫੀ ਸ਼ਲਾਘਾਯੋਗ ਰਿਹਾ।

ਜ਼ਿਕਰਯੋਗ ਹੈ ਕਿ ਸਾਂਡਰਸ ਨੇ 2015 ਤੋਂ 2020 ਦੀਆਂ ਗਰਮੀਆਂ ਵਿੱਚ ਅਸਤੀਫਾ ਦੇਣ ਤੱਕ ਟੋਰਾਂਟੋ ਪੁਲਿਸ ਚੀਫ ਵਜੋਂ ਸੇਵਾ ਨਿਭਾਈ। ਉਨ੍ਹਾਂ ਟੋਰਾਂਟੋ ਪੁਲਿਸ ਸਰਵਿਸ ਵਿੱਚ 38 ਸਾਲ ਗੁਜ਼ਾਰੇ ਤੇ ਉਹ ਫੋਰਸ ਦੇ ਇਤਿਹਾਸ ਵਿੱਚ ਪਹਿਲੇ ਬਲੈਕ ਚੀਫ ਬਣੇ।ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਉਨ੍ਹਾਂ ਨੇ ਓਨਟਾਰੀਓ ਸਰਕਾਰ ਦੇ ਰੀਡਿਵੈਲਪਮੈਂਟ ਪਲੈਨ ਲਈ ਸਪੈਸ਼ਲ ਐਡਵਾਈਜ਼ਰ ਦੀ ਭੂਮਿਕਾ ਨਿਭਾਈ।ਉਹ ਪ੍ਰੋਵਿੰਸ ਦੀ ਕੋਵਿਡ-19 ਵੈਕਸੀਨ ਡਿਸਟ੍ਰਿਬਿਊਸ਼ਨ ਟਾਸਕ ਫੋਰਸ ਦਾ ਹਿੱਸਾ ਵੀ ਰਹੇ।

# ਦੋ ਵਿਅਕਤੀਆਂ ਨੇ ਹਮਲਾ ਕਰਕੇ ਬਜ਼ੁਰਗ ਮਹਿਲਾ ਨੂੰ ਲੁੱਟਿਆ

ਮਿਸੀਸਾਗਾ, 22 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਮਿਸੀਸਾਗਾ ਵਿੱਚ ਇੱਕ 70 ਸਾਲਾ ਮਹਿਲਾ ਉੱਤੇ ਦੋ ਵਿਅਕਤੀਆਂ ਨੇ ਹਮਲਾ ਕੀਤਾ ਤੇ ਉਸ ਨੂੰ ਲੁੱਟ ਲਿਆ।ਇਹ ਜਾਣਕਾਰੀ ਪੀਲ ਰੀਜਨ ਦੀ ਪੁਲਿਸ ਨੇ ਦਿੱਤੀ।

ਇਹ ਘਟਨਾ ਸ਼ਾਮੀਂ 6:00 ਵਜੇ ਗੋਰਵੇਅ ਤੇ ਐਟਿਊਡ ਡਰਾਈਵਜ਼ ਨੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਉਸ ਸਮੇਂ ਇਹ ਮਹਿਲਾ ਇਸ ਇਲਾਕੇ ਵਿੱਚ ਸੈਰ ਕਰ ਰਹੀ ਸੀ ਜਦੋਂ ਇਨ੍ਹਾਂ ਦੋਵਾਂ ਵਿਅਕਤੀਆਂ ਨੇ ਉਸ ਦਾ ਬੈਗ ਚੋਰੀ ਕਰ ਲਿਆ।ਇਸ ਮਹਿਲਾ ਨੂੰ ਥੋੜ੍ਹੀਆਂ ਸੱਟਾਂ ਵੀ ਲੱਗੀਆਂ।

ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਤੇ ਗੋਰੀ ਨਸਲ ਦੇ ਪੁਰਸ਼ ਨੂੰ ਗੂੜ੍ਹੇ ਰੰਗ ਦੀ ਗੱਡੀ ਵਿੱਚ ਮੌਕੇ ਤੋਂ ਫਰਾਰ ਹੁੰਦਿਆਂ ਵੀ ਵੇਖਿਆ ਗਿਆ।ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਟਰੂਡੋ ਨੂੰ 2025 ਤੱਕ ਸੱਤਾ ਵਿੱਚ ਰੱਖਣ ਲਈ ਲਿਬਰਲਾਂ ਦੇ ਐਨਡੀਪੀ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ



ਓਟਵਾ, 22 ਮਾਰਚ (ਪੋਸਟ ਬਿਊਰੋ) : 2025 ਤੱਕ ਲਿਬਰਲਾਂ ਦੀ ਸਰਕਾਰ ਨੂੰ ਡਿੱਗਣ ਤੋਂ ਬਚਾਉਣ ਲਈ ਫੈਡਰਲ ਸਰਕਾਰ ਤੇ ਐਨਡੀਪੀ ਦਰਮਿਆਨ ਸਮਝੌਤਾ ਸਿਰੇ ਚੜ੍ਹ ਗਿਆ ਹੈ।

ਦੋਵਾਂ ਧਿਰਾਂ ਦਰਮਿਆਨ ਹੋਏ ਇਸ ਸਮਝੌਤੇ ਨੂੰ "ਕੌਨਫੀਡੈਂਸ ਐਂਡ ਸਪਲਾਈ ਅਗਰੀਮੈਂਟ" ਦਾ ਨਾਂ ਦਿੱਤਾ ਗਿਆ ਹੈ। ਇਹ ਦੋਵਾਂ ਧਿਰਾਂ ਵਿਚਾਲੇ ਕੋਈ ਰਸਮੀ ਸਮਝੌਤਾ ਨਹੀਂ ਹੈ ਪਰ ਕੈਨੇਡੀਅਨਜ਼ ਨੂੰ ਅਗਲੇ ਤਿੰਨ ਸਾਲਾਂ ਤੱਕ ਚੋਣਾਂ ਤੋਂ ਦੂਰ ਰੱਖਣ ਲਈ ਇਹ ਸਮਝੌਤਾ ਕਾਫੀ ਅਹਿਮ ਭੂਮਿਕਾ ਨਿਭਾਵੇਗਾ।

ਅਜੇ ਵੀ ਐਨਡੀਪੀ ਵੱਲੋਂ ਇਸ ਸਮਝੌਤੇ ਉੱਤੇ ਮਨਜ਼ੂਰੀ ਦੀ ਮੋਹਰ ਲਾਈ ਜਾਣੀ ਬਾਕੀ ਹੈ ਪਰ ਸੋਮਵਾਰ ਰਾਤ ਨੂੰ ਹੋਈ ਕਾਕਸ ਮੀਟਿੰਗ ਵਿੱਚ ਲਿਬਰਲ ਐਮਪੀਜ਼ ਵੱਲੋਂ ਇਸ ਮੁੱਦੇ ਨੂੰ ਸਮਰਥਨ ਦਿੱਤਾ ਗਿਆ। ਅੰਤਰਿਮ ਕੰਜ਼ਰਵੇਟਿਵ ਤੇ ਵਿਰੋਧੀ ਧਿਰ ਦੀ ਆਗੂ ਕੈਂਡਿਸ ਬਰਜਨ ਨੇ ਇਸ ਡੀਲ ਦੀ ਨਿਖੇਧੀ ਕਰਦਿਆਂ ਆਖਿਆ ਕਿ ਟਰੂਡੋ ਹਰ ਹਾਲ ਸੱਤਾ ਵਿੱਚ ਬਣੇ ਰਹਿਣ ਲਈ ਯਤਨਸ਼ੀਲ ਹਨ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਨਾਲ ਸਰਕਾਰ ਨੂੰ ਕੈਨੇਡੀਅਨਜ਼ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਹੋਰ ਵਕਤ ਮਿਲ ਜਾਵੇਗਾ।

NOW HIRING !!!
ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI
416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA Broker of Record
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇਮਿਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨ: ਵਿਧਾਨ ਸਭਾ ਕੰਪਲੈਕਸ ਦੇ ਵਿੱਚ ਅੰਬੇਦਕਰ, ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲੱਗਣਗੇ

## * ਪੰਜਾਬ ਦੇ 35000 ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ : ਮਾਨ



ਚੰਡੀਗੜ੍ਹ, 22 ਮਾਰਚ, (ਪੋਸਟ ਬਿਊਰੋ)- ਪੰਜਾਬ ਦੀ ਨਵੀਂ ਸਰਕਾਰ ਨੇ ਇੱਕ ਨਵਾਂ ਫੈਸਲਾ ਲਿਆ ਹੈ, ਜਿਸ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਕੰਪਲੈਕਸ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ, ਡਾਕਟਰ ਬੀ ਆਰ ਅੰਬੇਡਕਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਾਏ ਜਾਣਗੇ। ਇਕ ਹੋਰ ਵੱਡਾ ਫ਼ੈਸਲਾ ਲੈਂਦੇ ਹੋਏਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਕਿ 35000 ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ।

ਨਵੀਂ ਚੁਣੀ ਪੰਜਾਬ ਵਿਧਾਨ ਸਭਾ ਨੇਪਹਿ-ਲੇ ਸੈਸ਼ਨ ਦੇ ਤੀਸਰੇ ਤੇ ਆਖ਼ਰੀ ਦਿਨਅੱਜ ਮੰਗਲਵਾਰ ਨੂੰਮਤਾ ਪਾਸ ਕੀਤਾ ਕਿ ਵਿਧਾਨ ਸਭਾ ਕੰਪਲੈਕਸ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ: ਬੀਆਰਅੰਬੇਦਕਰ, ਸ਼ਹੀਦੇ ਆਜ਼ਮ ਭਗਤ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਾਏ ਜਾਣਗੇ। ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਕੰਵਰ ਸੰਧੂ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ, ਪਰ ਨਾਲ ਕਿਹਾ ਕਿ ਜੇ ਇਸ ਨੂੰ ਹੈਰੀਟੇਜ ਇਮਾਰਤ ਵਿੱਚ ਲਾਇਆ ਜਾਂਦਾ ਤਾਂ ਹੋਰ ਚੰਗਾ ਹੋ ਸਕਦਾ ਸੀ।ਦੂਸਰੇ ਪਾਸੇ ਚੰਡੀਗੜ੍ਹ ਦੇ ਸੀਨੀਅਰ ਆਰਕੀਟੈਸਟ ਸੁਰਿੰਦਰ ਬੱਗਾ ਨੇ ਇੱਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਹੈ ਕਿ ਚੰਡੀਗੜ੍ਹ ਇੱਕ ਹੈਰੀਟੇਜ ਸ਼ਹਿਰ ਹੈ, ਇਸ ਲਈ ਜੇ ਕਿਧਰੇ ਕੋਈ ਬੁੱਤ ਲਾਉਣਾ ਹੈ ਤਾਂ ਪਹਿਲਾਂ ਉਸ ਦੇ ਲਈ ਯੂਨੈਸਕੋ ਤੋਂ ਇਜਾਜ਼ਤ ਲੈਣੀ ਪਵੇਗੀ।

ਅੱਜ ਮੰਗਲਵਾਰ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਜਨਤਾ ਦੇ ਭਲੇ ਲਈ ਦਿਨ ਰਾਤ ਕੰਮ ਕਰ ਰਹੀ ਹੈ, ਕਿਉਂਕਿ ਅਸੀਂ 70 ਸਾਲ ਲੇਟ ਹੋ ਚੁੱਕੇ ਹਾਂ ਤੇ ਸਾਡੇ ਵਲੋਂ ਲਏ ਫੈਸਲਿਆਂ ਨੂੰ ਲੋਕ ਪ੍ਰਵਾਨ ਕਰਦੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਜਦੋਂ ਅਸੀਂ ਪੰਜਾਬ ਵਿੱਚ ਨਿਕਲਦੇ ਤਾਂ ਕੱਚੇ ਮੁਲਾਜ਼ਮ ਸਾਡੀਆਂ ਗੱਡੀਆਂ ਮੂਹਰੇ ਆ ਕੇ ਪੱਕੇ ਹੋਣ ਦੀ ਦੁਹਾਈ ਪਾਉਂਦੇ ਸਨ, ਕਈ ਵਾਰ ਉਹ ਆਪਣਾ ਦੁੱਖ ਹੋਏ ਰੋ ਪੈਂਦੇ ਸਨ। ਮਾਨ ਨੇ ਕਿਹਾ ਕਿ ਅਸੀਂ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਈ ਤਾਂ ਸਾਰੇ ਮੁਲਾਜ਼ਮ ਪੱਕੇ ਕੀਤੇ ਜਾਣਗੇ।ਉਨ੍ਹਾ ਕਿਹਾ ਕਿ ਸਾਡਾ ਫ਼ੈਸਲਾ ਇਤਿਹਾਸਕ ਹੈ ਅਤੇ ਸ਼ਾਇਦ ਹੀ ਕਿਸੇ ਸਰਕਾਰ ਨੇ ਏਡਾ ਫ਼ੈਸਲਾ ਲਿਆ ਹੋਵੇ। ਉਨ੍ਹਾਂ ਕਿਹਾ ਕਿ ਗਰੁੱਪ ਸੀ ਅਤੇ ਗਰੁੱਪ ਡੀ ਦੇ 35000 ਕੱਚੇ ਮੁਲਾਜ਼ਮ ਪੱਕੇ ਕਰਨ ਦੇ ਲਈ ਉਨ੍ਹਾਂ ਨੇ ਚੀਫ ਸੈਕਟਰੀ ਨੂੰ ਬਕਾਇਦਾ ਹੁਕਮ ਦੇ ਦਿੱਤੇ ਹਨ ਅਤੇ ਅੱਗੇ ਤੋਂ ਠੇਕਾ ਸਿਸਟਮ ਛੱਡਣ ਲਈ ਕਿਹਾ ਹੈ। ਮਾਨ ਨੇ ਕਿਹਾ ਕਿ ਅਜੇ ਨਵੀਂਆਂ ਨੌਕਰੀਆਂ ਪੈਦਾ ਨਹੀਂ ਕੀਤੀਆਂ ਜਣੀਆਂ, ਪਹਿਲਾਂ ਕੱਚੇ ਮੁਲਾਜ਼ਮਾਂ ਦਾ ਹੱਲ ਕੱਢਣਾ ਜ਼ਰੂਰੀ ਹੈ,ਫਿਰ ਹੋਰ ਨੌਕਰੀਆਂ ਕੱਢਾਂਗੇ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਚੀਫ ਸੈਕਟਰੀ ਨੂੰ ਕਿਹਾ ਹੈ ਕਿ ਅਗਲੇ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਇਸ ਕਾਨੂੰਨ ਦਾ ਖਰੜਾ ਬਣਾ ਕੇ ਭੇਜ ਦੇਣ ਤਾਂ ਜੋ ਅਗਲੇ ਸੈਸ਼ਨ ਵਿੱਚ ਮਨਜ਼ੂਰ ਕਰਕੇ ਲਾਗੂ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਦਾ ਕੋਈ ਚੌਕ ਜਾਂ ਟੈਂਕੀ ਨਹੀਂ, ਜਿੱਥੇ ਧਰਨਾ ਨਹੀਂ ਲੱਗਾ, ਅਸੀਂ ਅੱਜ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਪੰਜਾਬ ਵਿੱਚ ਨਾ ਕੋਈ ਕੱਚਾ ਘਰ ਰਹੇਗਾ ਅਤੇ ਨਾ ਕੱਚਾ ਮੁਲਾਜ਼ਮ ਪੱਕੇ ਹੋਣ ਲਈ ਤਰਲੇ ਕਰਦਾ ਮਿਲੇਗਾ।

# ਮਿਸੀਸਾਗਾ ਤੋਂ ਭੱਜਣ ਲਈ ਮਸ਼ਕੂਕਾਂ ਨੇ ਕੀਤਾ ਕਾਰਜੈਕ



ਮਿਸੀਸਾਗਾ, 22 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ ਹਾਦਸੇ ਤੇ ਕਾਰਜੈਕਿੰਗ ਦੇ ਮਾਮਲੇ ਵਿੱਚ ਪੁਲਿਸ ਵੱਲੋਂ 2 ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।ਇਸ ਘਟਨਾ ਕਾਰਨ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਧਿਕਾਰੀਆਂ ਨੂੰ ਰਾਤੀਂ 12:20 ਉੱਤੇ ਫੋਨ ਆਇਆ ਕਿ ਮੈਵਿਸ ਰੋਡ ਤੇ ਡੰਡਸ ਸਟਰੀਟ ਉੱਤੇ ਹਾਦਸਾ ਵਾਪਰਿਆ ਹੈ। ਜਿਸ ਸਮੇਂ ਇਸ ਹਾਦਸੇ ਵਿੱਚ ਫਸੇ ਲੋਕਾਂ ਦੀ ਮਦਦ ਕਰਨ ਲਈ ਤੀਜੀ ਗੱਡੀ ਆ ਕੇ ਰੁਕੀ ਤੇ ਮਦਦ ਲਈ ਅੱਗੇ ਵਧੀ ਉਸ ਸਮੇਂ ਚਾਰ ਮਸ਼ਕੂਕ ਮਦਦ ਕਰਨ ਵਾਲਿਆਂ ਦੀ ਹੀ ਖਾਲੀ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਫਰਾਰ ਹੋ ਗਏ। ਪੁਲਿਸ ਅਧਿਕਾਰੀਆਂ ਨੂੰ ਇਹ ਚੋਰੀ ਦੀ ਗੱਡੀ ਬਰਨਹੈਮਥੌਰਪ ਤੇ ਰੈਥਬਰਨ ਰੋਡਜ਼ ਨੇੜੇ ਖਾਲੀ ਪਈ ਮਿਲੀ। ਇਲਾਕੇ ਵਿੱਚ ਖੋਜ ਬੀਨ ਤੋਂ ਬਾਅਦ ਪੁਲਿਸ ਨੇ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ। ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ। ਮਾਮਲੇ ਦੀ ਜਾਂਚ ਲਈ ਇਲਾਕੇ ਦੀਆਂ ਸੜਕਾਂ ਨੂੰ ਬੰਦ ਕੀਤਾ ਗਿਆ ਸੀ ਪਰ ਬਾਅਦ ਵਿੱਚ ਇਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

# 90 ਲੱਖ ਰੁਪਏ ਠੱਗਣ ਵਾਲਾ ਟ੍ਰੈਵਲ ਏਜੰਟ ਏਅਰਪੋਰਟ ਉੱਤੇ ਕਾਬੂ

ਫਗਵਾੜਾ, 22 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਠੱਗਣ ਦੇ ਦੋਸ਼ ਵਿਚ ਅੰਮ੍ਰਿਤਸਰ ਏਅਰਪੋਰਟ ਉੱਤੇ ਇੱਕ ਟ੍ਰੈਵਲ ਏਜੰਟ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਫਗਵਾੜਾ ਵਿਚ ਕ੍ਰਿਸ ਨੀਲ ਰੈਡੀ ਨਾਮਕ ਟ੍ਰੈਵਲ ਏਜੈਂਟ ਦੇ ਖ਼ਿਲਾਫ਼ ਲੱਖਾਂ ਰੁਪਏ ਦੀ ਠੱਗੀ ਕਰਨ ਦੇ ਤਿੰਨ ਕੇਸ ਦਰਜ ਹਨ। ਰੈਡੀ,ਜੋ ਨਿਊਜ਼ੀਲੈਂਡ ਵਿਚ ਰਹਿੰਦਾ ਹੈ,ਬੀਤੇ ਦਿਨਾਂ ਵਿਚ ਸਥਾਨਕ ਹਦੀਆਬਾਦ ਕੋਲ ਰਹਿ ਰਿਹਾ ਸੀ ਅਤੇ ਫਗਵਾੜਾ ਵਿਚ ਇਸ ਨੇ ਆਪਣਾ ਦਫਤਰ ਬਣਾਇਆ ਹੋਇਆ ਸੀ, ਜਿੱਥੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਇਸ ਟ੍ਰੈਵਲ ਏਜੰਟ ਨੂੰ ਫੜਨ ਲਈ ਪੁਲਸ ਛਾਪੇਮਾਰੀ ਕਰ ਰਹੀ ਸੀ ਪਰ ਉਹ ਪੁਲਸ ਦੇ ਹੱਥ ਨਹੀਂ ਆ ਰਿਹਾ ਸੀ। ਫਗਵਾੜਾ ਪੁਲਸ ਨੇ ਇਸਦਾ ਲੁਕਆਊਟ ਨੋਟਿਸ ਜਾਰੀ ਕੀਤਾ ਸੀ। ਇਸੇ ਨੋਟਿਸ ਦੇ ਆਧਾਰ ਉੱਤੇ ਦੋਸ਼ੀ ਨੂੰ ਏਅਰਪੋਰਟ ਉੱਤੇ ਰੋਕ ਲਿਆ ਗਿਆ। ਟ੍ਰੈਵਲ ਏਜੈਂਟ ਉੱਤੇ ਦੋਸ਼ ਹੈ ਕਿ ਉਸਨੇ ਕਰੀਬ 90 ਲੱਖ ਰੁਪਏ ਦੀ ਧੋਖਾਧੜੀ ਕੀਤੀ ਹੈ। ਜਾਣਕਾਰੀ ਅਨੁਸਾਰ ਦਰਜ ਇੱਕ ਕੇਸ ਵਿੱਚ ਇਸ ਨੂੰ ਉਚ ਅਦਾਲਤ ਤੋਂ ਜਮਾਨਤ ਵੀ ਮਿਲ ਚੁੱਕੀ ਹੈ ਪਰ ਇੱਕ ਹੋਰ ਮਾਮਲੇ ਵਿੱਚ ਪੁਲਸ ਨੇ ਉਸਦਾ ਰਿਮਾਂਡ ਹਾਸਲ ਕੀਤਾ ਹੋਇਆ ਹੈ।

# ਪੰਜਾਬ ਦੀ ਨਵੀਂ ਸਰਕਾਰ ਦਾ ਤਿੰਨ ਮਹੀਨੇ ਦਾ ਖ਼ਰਚਾ ਚਲਾਉਣ ਲਈ 'ਵੋਟ ਆਨ ਅਕਾਊਂਟ' ਪਾਸ

## * ਸਰਕਾਰ ਦੇ ਮੁੱਢਲੇ ਫਰਜ਼ਾਂ ਕਾਰਨ ਬੱਜਟ ਤਿਆਰ ਨਹੀਂ ਹੋ ਸਕਿਆ

ਚੰਡੀਗੜ੍ਹ, 22 ਮਾਰਚ, (ਪੋਸਟ ਬਿਊਰੋ)- ਪੰਜਾਬ ਦੀ ਨਵੀਂ ਸਰਕਾਰ ਹਾਲੇ ਸਰਕਾਰ ਬੱਜਟ ਤਿਆਰ ਨਹੀਂ ਕਰ ਸਕੀ ਅਤੇ ਅਗਲੇ ਤਿੰਨ ਮਹੀਨੇ ਦਾ ਖਰਚ ਚਲਾਉਣ ਲਈ ਹਾਲੇਵਿਧਾਨ ਸਭਾ ਨੇ ਸਰਬਸੰਮਤੀ ਨਾਲ 'ਵੋਟ ਆਨ ਅਕਾਊਂਟ'ਪਾਸ ਕਰ ਦਿੱਤਾ ਹੈ। ਪਿਛਲੀਆਂ ਸਰਕਾਰਾਂ ਵੇਲੇ ਵੀ ਏਦਾਂ ਹੀ ਕਰਨਾ ਪੈਂਦਾ ਰਿਹਾ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਤਿੰਨ ਮਹੀਨੇ ਦੇ ਸਮੇਂ ਵਿੱਚ ਅਗਲੇ ਖਰਚੇ ਦਾ ਬੱਜਟ ਪਾਸ ਕਰਨ ਦਾ ਮਤਾ ਰੱਖਿਆ ਤਾਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ 37,120,23,76,000 (ਸੈਂਤੀ ਹਜ਼ਾਰ ਇਕ ਸੌ ਵੀਹ ਕਰੋੜ ਤੇਈ ਲੱਖ ਛੇਹੱਤਰ ਹਜ਼ਾਰ ਰੁਪਏ) ਦਾ ਲੇਖਾ ਪੇਸ਼ ਕੀਤਾ, ਜਿਸ ਨੂੰ ਬਹਿਸ ਦੇ ਬਿਨਾਂ ਪਾਸ ਕੀਤਾ ਗਿਆ।ਇਸ ਤੋਂ ਬਾਅਦ ਖਜ਼ਾਨਾ ਮੰਤਰੀ ਨੇ ਲੇਖਾ ਅਨੁਦਾਨ ਬਿਲ ਪੇਸ਼ ਕੀਤਾ ਤਾਂ ਉਹ ਵੀ ਸਰਬਸੰਮਤੀ ਨਾਲ ਪਾਸ ਹੋ ਗਿਆ। ਪੰਜਾਬ ਦੇ ਮਾਇਕ ਅੰਕੜੇ ਵਿਧਾਨ ਸਭਾ ਨੂੰਪੇਸ਼ ਕਰ ਕੇਉਨ੍ਹਾਂ ਦੱਸਿਆ ਕਿ ਮਾਰਚ 2021 ਤਕ ਸਰਕਾਰੀ ਆਮਦਨ ਵਿੱਚ ਪਿਛਲੇ ਸਾਲ ਤੋਂ 7466.62 ਕਰੋੜ ਵਾਧਾ ਹੋਇਆ ਤੇ ਕੇਂਦਰ ਤੋਂ ਗਰਾਂਟ ਵਿਚ 9554.39 ਕਰੋੜ ਰੁਪਏ ਤੇ ਕੇਂਦਰੀ ਟੈਕਸਾਂ ਦੇ ਹਿੱਸੇ ਵਜੋਂ 94.83 ਕਰੋੜ ਰੁਪਏ ਵਧੇ ਸਨ, ਪਰ ਰਾਜ ਦੀ ਗੈਰ-ਟੈਕਸ ਆਮਦਨ ਵਿੱਚ 37 ਫੀਸਦੀ ਕਮੀ ਆਈ ਤੇ ਸਾਫ ਆਮਦਨ 2438 ਕਰੋੜ ਘਟੀ ਹੈ। ਰਾਜ ਦੀ ਆਮਦਨ ਵਿੱਚ ਬੀਤੇ ਸਾਲ ਦੇ ਮੁਕਾਬਲੇ 0.19 ਪ੍ਰਤੀਸ਼ਤ ਵਾਧਾ ਹੋਇਆ ਤੇ ਐਕਸਾਈਜ਼ ਤੋਂ 1299.32 ਕਰੋੜ, ਅਸ਼ਟਾਮ ਅਤੇ ਰਜਿਸਟਰੇਸ਼ਨਵਿੱਚ 212.09 ਕਰੋੜ, ਵੈਟਵਿੱਚ 149.44 ਕਰੋੜ ਵਾਧਾ ਹੋਇਆ ਹੈ, ਜਦਕਿ ਸਟੇਟ ਜੀ ਐੱਸ ਟੀ 932.26 ਕਰੋੜ, ਵਾਹਨਾਂ ਉੱਤੇ ਟੈਕਸਵਿੱਚ 522.19 ਕਰੋੜਅਤੇ ਬਿਜਲੀ ਉੱਤੇ ਡਿਊਟੀਵਿੱਚ 154.72 ਕਰੋੜ ਕਮੀ ਆਈ ਹੈ। ਸਾਲ 2021-22ਵਿੱਚ 19152 ਕਰੋੜ ਰੁਪਏ ਵਿਆਜ ਭਰਨ ਉੱਤੇ ਲੱਗ ਗਏ ਤੇ 1585 ਕਰੋੜ ਰੁਪਏ ਵਿਆਜ ਵਧ ਦੇਣਾ ਪਿਆ ਹੈ। ਪੈਨਸ਼ਨ ਉੱਤੇ 3380 ਕਰੋੜ ਰੁਪਏ, ਸਿੱਖਿਆ ਉੱਤੇ 1133 ਕਰੋੜ, ਬਿਜਲੀ ਉੱਤੇ 592 ਕਰੋੜ, ਮੈਡੀਕਲ ਅਤੇ ਜਨ ਸਿਹਤ 363.39 ਕਰੋੜ, ਪੁਲਿਸ ਉੱਤੇ 290 ਕਰੋੜ ਤੇ 4555 ਕਰੋੜ ਦੇ ਹੋਰ ਖਰਚੇ ਹੋਏ ਹਨ।ਇਸ ਦੌਰਾਨ ਪੰਜਾਬਸਰਕਾਰ ਉੱਤੇ 2,70,000 ਦਾ ਕਰਜ਼ਾ ਹੋ ਗਿਆ ਹੈ ਅਤੇ 1,70,000 ਕਰੋੜ ਦਾ ਕਰਜ਼ਾ ਮਾਰਕੀਟ ਤੋਂ ਲਿਆ ਗਿਆ, ਤਾਂ ਕਿ ਸਰਕਾਰ ਆਪਣਾ ਖਰਚਾ ਚਲਾ ਸਕੇ।


















## ਅੱਜ ਨਾਮਾ

ਰੁਕਿਆ ਭਾਰਤ ਦੇ ਵਿੱਚ ਤੇ ਕਦੀ ਨਾਹੀਂ,
ਫਿਰਕਿਆਂ ਅੰਦਰ ਦਾ ਜੋ ਵਿਵਾਦ ਬੇਲੀ।
ਜਿਹੜਾ ਥੋੜ੍ਹਾ ਜਿਹਾ ਲੋਕੀਂ ਉਸਾਰਦੇ ਈ,
ਲੱਗਦੇ ਕਰਨ ਆ ਪਿੱਛੋਂ ਬਰਬਾਦ ਬੇਲੀ।
ਟਿਕੇ ਰਹਿਣ ਨਹੀਂ ਦੇਂਦੀ ਹੈ ਰਾਜਨੀਤੀ,
ਰੱਖਦੀ ਪਾਈ ਇਹ ਨਿੱਤ ਫਸਾਦ ਬੇਲੀ।
ਕਿਹੜੀ ਗੱਲ ਤੋਂ ਪਿਆ ਫਸਾਦ ਕਿਹੜਾ,
ਉਹ ਵੀ ਹੁੰਦਾ ਨਾ ਕਿਸੇ ਨੂੰ ਯਾਦ ਬੇਲੀ।
ਇੱਕੋ ਈ ਬਾਤ ਹੋਵੇ ਯਾਦ ਲੜਦਿਆਂ ਨੂੰ,
ਵਧੀਆ ਸਾਰਿਆਂ ਤੋਂ ਸਾਡਾ ਧਰਮ ਬੇਲੀ।
ਰਹਿੰਦੀ ਨਫਰਤੀ ਭੱਠੀ ਆ ਗਰਮ ਬੇਲੀ,
ਆਵੇ ਲੜਦਿਆਂ ਮਾਸਾ ਨਾ ਸ਼ਰਮ ਬੇਲੀ।

**ਤੀਸ ਮਾਰ ਖਾਂ**

# ਬਿਕਰਮ ਮਜੀਠੀਏ ਦੀ ਜੁਡੀਸ਼ਲ ਹਿਰਾਸਤ ਵਧੀ, ਜੇਲ੍ਹ ਵਿੱਚ ਰਹੇਗਾ

ਪਟਿਆਲਾ, 22 ਮਾਰਚ, (ਪੋਸਟ ਬਿਊਰੋ)- ਬਹੁ-ਚਰਚਿਤ ਡਰੱਗਜ਼ ਕੇਸਵਿੱਚਦੋਸ਼ੀ ਵਜੋਂ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕੇਸ ਦੀ ਅੱਜ ਵੀਡਿਓ ਕਾਨਫਰੰਸਿੰਗ ਰਾਹੀਂ ਹੋਈ ਸੁਣਵਾਈ ਦੌਰਾਨ ਮੋਹਾਲੀ ਦੀ ਅਦਾਲਤ ਨੇ ਮਜੀਠੀਆ ਨੂੰ 5 ਅਪ੍ਰੈਲ ਤੱਕ ਜੁਡੀਸ਼ਲ ਹਿਰਾਸਤਵਿੱਚ ਜੇਲ੍ਹ ਵਿੱਚ ਹੀ ਰੱਖਣ ਬਾਰੇ ਹੁਕਮ ਸੁਣਾਇਆ ਹੈ। ਮਜੀਠੀਆ ਪਿਛਲੀ 25 ਫਰਵਰੀ ਤੋਂ ਪਟਿਆਲਾ ਜੇਲ੍ਹ ਵਿਚ ਬੰਦ ਹਨ।

ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ ਪਿਛਲੀ ਪੇਸ਼ੀ ਮਗਰੋਂ 22 ਮਾਰਚ ਤੱਕ ਜੁਡੀਸ਼ਲ ਹਿਰਾਸਤ ਵਿੱਚ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। ਪੰਜਾਬ ਦੀ ਨਵੀਂ ਸਰਕਾਰ ਨੇ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਜਾਂਚ ਕਰਦੀ ਵਿਸ਼ੇਸ਼ ਟੀਮ (ਐੱਸ ਆਈ ਟੀ) ਦਾ ਮੁੜ ਕੇ ਗਠਨ ਕੀਤਾ ਤੇ ਨਵੀਂ ਬਣੀ ਐੱਸ ਆਈਟੀ ਦੀ ਨਿਗਰਾਨੀ ਪੰਜਾਬ ਪੁਲਸ ਦੇ ਆਈਜੀ



(ਕ੍ਰਾਈਮ) ਗੁਰਸ਼ਰਨ ਸਿੰਘ ਸੰਧੂ ਨੂੰ ਸੌਂਪੀ ਹੈ।ਇਸ ਨਵੀਂ ਟੀਮਵਿੱਚ ਆਈਪੀਐੱਸ ਅਫਸਰ ਏਆਈਜੀ ਡਾਕਟਰ ਰਾਹੁਲ ਐਸ. ਸਣੇਚਾਰ ਹੋਰ ਮੈਂਬਰ ਹੋਣਗੇ। ਪਿਛਲੀ ਐੱਸ ਆਈਟੀ ਵਿੱਚ ਏਆਈਜੀ ਬਲਰਾਜ ਸਿੰਘ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਟੀਮ ਬਣਾਈ ਗਈ ਸੀ।

ਸੀਨੀਅਰ ਅਕਾਲੀ ਆਗੂ ਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ 20 ਦਸੰਬਰ 2021 ਨੂੰ ਐੱਨ ਡੀਪੀਐਸ (ਨਸ਼ੀਲੇ ਪਦਾਰਥਾਂ ਦੇ ਧੰਦੇ ਬਾਰੇ) ਐਕਟ ਦੀਆਂ ਵੱਖ-ਵੱਖ ਧਾਰਾਵਾਂ ਹੇਠ ਸ਼ਿਕਾਇਤ ਦਰਜ ਕੀਤੀ ਗਈ ਅਤੇ ਇਸ ਦੀ ਜਾਂਚ ਲਈ ਐੱਸ ਆਈਟੀ ਬਣਾਈ ਗਈ ਸੀ। ਕੁੱਲ 49 ਪੰਨਿਆਂ ਦੀ ਸ਼ਿਕਾਇਤਸਪੈਸ਼ਲ ਟਾਸਕ ਫੋਰਸ (ਐੱਸ ਟੀਐਫ) ਦੇ ਮੁਖੀ ਐਡੀਸ਼ਨਲ ਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਕੀਤੀ ਗਈ ਜਾਂਚ ਰਿਪੋਰਟ ਉੱਤੇ ਆਧਾਰਤ ਸੀ। ਇਸ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਨੇ ਸੁਪਰੀਮ ਕੋਰਟ ਨੂੰ ਪਹੁੰਚ ਕੀਤੀ ਤਾਂ ਵਿਧਾਨ ਸਭਾ ਚੋਣਾਂ ਲਈ ਉਸ ਦੀ ਗ੍ਰਿਫਤਾਰੀ ਉੱਤੇ 23 ਫਰਵਰੀ ਤੱਕ ਰੋਕ ਲੱਗ ਗਈ ਸੀ। ਬਿਕਰਮ ਸਿੰਘ ਮਜੀਠੀਆ ਨੇ ਚੋਣਾਂ ਹੋਣ ਪਿੱਛੋਂ ਬੀਤੀ 24 ਮਾਰਚ ਨੂੰ ਜ਼ਿਲਾ ਅਦਾਲਤ ਵਿੱਚ ਪਹੁੰਚ ਕੇ ਆਤਮ ਸਮਰਪਣ ਕਰ ਦਿੱਤਾ ਅਤੇ ਨਾਲ ਜ਼ਮਾਨਤ ਲਈ ਪਟੀਸ਼ਨ ਵੀ ਦਾਇਰ ਕੀਤੀ ਸੀ, ਪਰ ਅਦਾਲਤ ਨੇ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ।

# ਇਸਲਾਮੀ ਦੇਸ਼ਾਂ ਦੀ ਬੈਠਕ ਵਿੱਚ ਇਮਰਾਨ ਖਾਨ ਨੇ ਫਿਰ ਕਸ਼ਮੀਰ ਦਾ ਰਾਗ ਛੋਹ ਲਿਆ

ਇਸਲਾਮਾਬਾਦ, 22 ਮਾਰਚ, (ਪੋਸਟ ਬਿਊਰੋ)- ਕਸ਼ਮੀਰ ਦਾ ਮੁੱਦਾ ਹਰ ਥਾਂ ਉਠਾਉਣ ਬਾਰੇ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਰੁਕ ਨਹੀਂ ਰਿਹਾ ਅਤੇ ਭਾਰਤ ਵਿਰੋਧੀ ਪ੍ਰਚਾਰਵਿੱਚ ਜੁੱਟਿਆ ਹੋਇਆ ਹੈ।

ਅੱਜ ਮੰਗਲਵਾਰ ਇਸਲਾਮਾਬਾਦ ਵਿੱਚਸ਼ੁਰੂ ਹੋਈਇਸਲਾਮੀ ਸਹਿਯੋਗ ਸੰਗਠਨ (ਓਆਈਸੀ) ਦੀ ਦੋ ਦਿਨਾਂ ਦੀਬੈਠਕਵਿੱਚ ਵੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਸ਼ਮੀਰ ਦਾ ਰਾਗ ਛੋਹ ਲਿਆ ਤੇ ਕਿਹਾ ਕਿ ਇਸ 57 ਮੈਂਬਰੀ ਗਰੁੱਪ ਦੀ ਏਕਤਾ ਨਾ ਹੋਣ ਦੇ ਕਾਰਨ ਅਸੀਂ ਕਸ਼ਮੀਰ ਉੱਤੇ ਕੁਝ ਨਹੀਂ ਕਰ ਸਕੇ। ਇਮਰਾਨ ਖਾਨ ਨੇ ਇਹ ਮੁੱਦਾ ਓਦੋਂਚੁੱਕਿਆ ਹੈ, ਜਦੋਂ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਖ਼ਿਲਾਫ਼ ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਉੱਤੇ 25 ਮਾਰਚ ਨੂੰ ਵੋਟਿੰਗ ਹੋਣੀ ਹੈ ਤੇ ਜਿਹੜੇ ਹਾਲਾਤ ਬਣ ਰਹੇ ਹਨ, ਉਸਵਿੱਚ ਉਨ੍ਹਾਂ ਦਾ ਜਾਣਾ ਕਰੀਬ-ਕਰੀਬ ਤੈਅ ਹੈ।



ਪਾਕਿਸਤਾਨ ਦੇ ਪਾਰਲੀਮੈਂਟ ਭਵਨਵਿੱਚਅੱਜ ਓਆਈਸੀ ਦੇ ਵਿਦੇਸ਼ ਮੰਤਰੀਆਂ ਦੀ 48ਵੀਂ ਕੌਂਸਲ ਮੀਟਿੰਗ ਦੇ ਉਦਘਾਟਨੀ ਭਾਸ਼ਣਵਿੱਚਇਮਰਾਨ ਖ਼ਾਨ ਨੇ ਕਿਹਾ ਕਿ ‘ਅਸੀਂ ਕਸ਼ਮੀਰ ਤੇ ਫਲਸਤੀਨ ਦੋ ਥਾਵਾਂ ਦੇ ਲੋਕਾਂ ਦੀ ਮਦਦ ਕਰਨਤੋਂ ਨਾਕਾਮ ਰਹੇ ਹਾਂ। ਅਸੀਂ 150 ਕਰੋੜ ਹਾਂ, ਪਰ ਵੰਡੇ ਹੋਏ ਹਾਂ ਤੇ ਉਹ (ਭਾਰਤ ਅਤੇ ਇਜ਼ਰਾਈਲ) ਜਾਣਦੇ ਹਨ ਕਿ ਅਸੀਂ ਵੰਡੇ ਹੋਏ ਹਾਂ, ਇਸ ਲਈ ਗੰਭੀਰਤਾ ਨਾਲ ਨਹੀਂ ਲੈਂਦੇ।’ ਓਆਈਸੀ ਬੈਠਕਵਿੱਚ ਇਮਰਾਨ ਖਾਨ ਨੇ ਭਾਰਤ ਦੇ ਜੰਮੂ-ਕਸ਼ਮੀਰ ਰਾਜ ਵਿੱਚ ਧਾਰਾ 370 ਖਤਮ ਕਰਨ ਦਾ ਮੁੱਦਾਇਕ ਵਾਰ ਫਿਰ ਉਠਾ ਕੇ ਕਿਹਾ ਕਿ ਇਸ ਉੱਤੇ ਵੀਕੁਝ ਨਹੀਂ ਹੋਇਆ, ਕਿਉਂਕਿ ਭਾਰਤ ਉੱਤੇ ਕੋਈ ਦਬਾਅ ਨਹੀਂ ਪਿਆ।ਉਨ੍ਹਾ ਕਿਹਾ ਕਿ ਉਹ ਇਹ ਨਹੀਂ ਕਹਿ ਰਹੇ ਕਿ ਮੁਸਲਿਮ ਦੇਸ਼ ਆਪਣੀ ਵਿਦੇਸ਼ ਨੀਤੀ ਬਦਲਣ, ਪਰ ਜਦੋਂ ਤੱਕ ਇੱਕ ਨਾ ਹੋਏ,ਇਹ ਘਟਨਾਵਾਂ ਹੁੰਦੀਆਂ ਰਹਿਣਗੀਆਂ। ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੀ ਲਗਭਗ ਇਹੋ ਕੁਝ ਕਿਹਾ ਸੀ।

ਹੈਰਾਨੀ ਦੀ ਗੱਲ ਹੈ ਕਿ ਫਲਸਤੀਨ ਅਤੇ ਕਸ਼ਮੀਰ ਦੀ ਗੱਲ ਛੇੜਨ ਵਾਲੇ ਇਮਰਾਨ ਖਾਨ ਨੇ ਚੀਨ ਵੱਲੋਂ ਉਈਗਰ ਮੁਸਲਮਾਨਾਂ ਉੱਤੇਕੀਤੇ ਜਾ ਰਹੇ ਤਸ਼ੱਦਦ ਦਾ ਜ਼ਿਕਰ ਨਹੀਂ ਕੀਤਾ। ਬੈਠਕਵਿੱਚ ਵਿਸ਼ੇਸ਼ ਮਹਿਮਾਨ ਵਜੋਂ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਮੌਜੂਦ ਸਨ।ਇਮਰਾਨ ਨੇ ਕਿਹਾ ਕਿ ਉਹ ਪੱਛਮੀ ਦੇਸ਼ਾਂਵਿੱਚ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੀ ਸੱਭਿਅਤਾ ਬਾਰੇ ਹੋਰਾਂ ਤੋਂ ਵੱਧ ਜਾਣਦੇ ਹਨ। ਅਮਰੀਕਾਵਿੱਚ 9/11 ਅੱਤਵਾਦੀ ਹਮਲੇ ਪਿੱਛੋਂ ਇਸਲਾਮੋਫੋਬੀਆ ਦੀ ਜਿਹੜੀ ਧਾਰਨਾ ਪੂਰੀ ਦੁਨੀਆਵਿੱਚ ਬਣੀ, ਉਸ ਲਈ ਮੁਸਲਿਮ ਦੇਸ਼ ਜ਼ਿੰਮੇਵਾਰ ਹਨ। ਉਨ੍ਹਾ ਕਿਹਾ ਕਿਇਸਲਾਮ ਦੀ ਤੁਲਨਾ ਅੱਤਵਾਦ ਨਾਲ ਨਹੀਂਹੋ ਸਕਦੀ, ਪਰਭੁਲੇਖੇ ਦੂਰ ਕਰਨ ਲਈ ਇਸਲਾਮੀ ਦੇਸ਼ਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਪੱਛਮੀ ਦੇਸ਼ ਇਸਲਾਮ ਨੂੰ ਅੱਤਵਾਦ ਨਾਲ ਜੋੜਦੇ ਹਨ ਤਾਂ ਉਹ ਉਦਾਰਤੇ ਕੱਟੜ ਮੁਸਲਮਾਨਾਂਦਾ ਫ਼ਰਕ ਕਿਵੇਂ ਕਰ ਸਕਣਗੇ, ਇਸੇ ਕਾਰਨ ਨਿਊਜ਼ੀਲੈਂਡਦਾ ਇੱਕ ਬੰਦਾ ਮਸਜਿਦ-ਵੱਚਜਾ ਵੜਿਆ ਤੇ ਜੋ ਵੀ ਦਿੱਸਿਆ, ਉਸ ਨੂੰ ਮਾਰ ਦਿੱਤਾ ਸੀ।

ਦੂਸਰੇ ਪਾਸੇ ਕਸ਼ਮੀਰ ਬਾਰੇ ਪਾਕਿਸਤਾਨ ਨੂੰ ਆਪਣਾ ਕੂੜ ਪ੍ਰਚਾਰ ਬੰਦ ਕਰਨ ਨੂੰਭਾਰਤ ਕਈ ਵਾਰ ਕਹਿ ਚੁੱਕਾ ਹੈ। ਭਾਰਤ ਦਾ ਸਾਫ ਕਹਿਣਾ ਹੈ ਕਿ ਕਸ਼ਮੀਰ ਉਸਦਾ ਅਨਿੱਖੜਵਾਂ ਅੰਗ ਸੀ ਅਤੇ ਰਹੇਗਾ। ਧਾਰਾ 370 ਖ਼ਤਮ ਕਰਨ ਦਾ ਮੁੱਦਾ ਪਾਕਿਸਤਾਨ ਵੱਲੋਂਚੁੱਕਣ ਉੱਤੇਵੀ ਭਾਰਤ ਨੇ ਕੌਮਾਂਤਰੀ ਭਾਈਚਾਰੇ ਨੂੰ ਸਾਫ਼ ਕਿਹਾ ਕਿ ਇਹ ਉਸ ਦਾ ਅੰਦਰੂਨੀ ਮੁੱਦਾ ਹੈ ਤੇ ਕਿਸੇ ਦੂਸਰੇ ਦੇਸ਼ ਨੂੰ ਇਸ ਉੱਤੇ ਬੋਲਣ ਦਾ ਅਧਿਕਾਰ ਨਹੀਂ।

# ਦਿੱਲੀ ਦੀਆਂ ਤਿੰਨੇ ਨਗਰ ਨਿਗਮਾਂ ਇੱਕ ਕਰਨ ਲਈ ਭਾਰਤ ਸਰਕਾਰ ਦੀ ਮਨਜ਼ੂਰੀ ਮਿਲੀ

ਨਵੀਂ ਦਿੱਲੀ, 22 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਕੈਬਨਿਟ ਨੇ ਰਾਜਧਾਨੀ ਦਿੱਲੀ ਦੀਆਂ ਤਿੰਨਾਂ ਨਗਰ ਨਿਗਮਾਂ ਦਾ ਰਲੇਵਾਂ ਕਰਨ ਦੇ ਬਿੱਲ ਨੂੰ ਅੱਜ ਮੰਗਲਵਾਰ ਪ੍ਰਵਾਨਗੀ ਦੇ ਦਿੱਤੀ ਹੈ।

ਕੇਂਦਰ ਸਰਕਾਰ ਦੇ ਸੂਤਰਾਂ ਮੁਤਾਬਕ ਕੈਬਨਿਟ ਦੀ ਮਨਜ਼ੂਰੀ ਮਿਲਣ ਦੇ ਬਾਅਦ ਦਿੱਲੀ ਨਗਰ ਨਿਗਮ ਸੋਧ ਬਿੱਲ ਪਾਰਲੀਮੈਂਟ ਦੇ ਚਾਲੂ ਬੱਜਟ ਸੈਸ਼ਨਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ।ਜਾਣਕਾਰ ਸੂਤਰਾਂ ਮੁਤਾਬਕ ਇਹ ਰਲੇਵਾਂ ਨਗਰ ਨਿਗਮਵਿੱਚ ਵਿੱਤੀ ਸਾਧਨਾਂ ਦੇ ਪੱਖੋਂ ਤਿੰਨਾਂ ਨਗਰ ਨਿਗਮਾਂ ਦੇ ਕੰਮ ਬਾਰੇ ਖਰਚ ਦੀਆਂ ਦੇਣਦਾਰੀਆਂ ਘੱਟ ਕਰੇਗਾ ਅਤੇ ਰਾਸ਼ਟਰੀ ਰਾਜਧਾਨੀ ਖੇਤਰਵਿੱਚਸ਼ਹਿਰੀ ਬਾਡੀਜ਼ ਦੀਆਂ ਸੇਵਾਵਾਂ ਸੁਧਰਨਗੀਆਂ। ਇਸ ਹੇਠ 1957 ਦੇ ਮੁੱਢਲੇ ਐਕਟਵਿੱਚ ਵੀ ਕੁਝ ਸੋਧਾਂ ਨੂੰ ਮਨਜ਼ੂਰ ਕੀਤਾ ਗਿਆ ਹੈ, ਤਾਂ ਕਿ ਬਿਹਤਰ ਪ੍ਰਸ਼ਾਸਨ ਤੇ ਦਿੱਲੀ ਦੇ ਲੋਕਾਂ ਲਈ ਪ੍ਰਭਾਵੀ ਸੇਵਾਵਾਂ ਵਾਸਤੇ ਠੋਸ ਸਪਲਾਈ ਢਾਂਚਾ ਯਕੀਨੀ ਕੀਤਾ ਜਾ ਸਕੇ।

ਵਰਨਣ ਯੋਗ ਹੈ ਕਿ ਸਾਲ 2012ਵਿੱਚ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਦਿੱਲੀ ਨਗਰ ਨਿਗਮ ਨੂੰ 3 ਥਾਂ ਦੱਖਣੀ ਦਿੱਲੀ ਨਗਰ ਨਿਗਮ, ਉੱਤਰੀ ਦਿੱਲੀ ਨਗਰ ਨਿਗਮ ਤੇ ਪੂਰਬੀ ਦਿੱਲੀ ਨਗਰ ਨਿਗਮ ਵਿੱਚ ਵੰਡ ਦਿੱਤਾ ਗਿਆ ਸੀ। ਇਸ ਨਾਲ ਤਿੰਨਾਂ ਨਿਗਮਾਂ ਦੇ ਸਾਧਨਾਂ ਤੇ ਜ਼ਿੰਮੇਵਾਰੀਆਂ ਦੇ ਫਰਕ ਨਾਲ ਕਈ ਮੁਸ਼ਕਲਾਂ ਆਈਆਂ ਸਨ। ਆਮ ਆਦਮੀ ਪਾਰਟੀ ਨੇ ਕੇਂਦਰ ਸਕਰਾਰ ਦੇ ਤਾਜ਼ਾ ਕਦਮ ਨੂੰ ਨਗਰ ਨਿਗਮ ਚੋਣਾਂ ਵਿੱਚ ਦੇਰੀ ਕਰਨ ਦੀ ਚਾਲ ਦੱਸ ਕੇ ਕਿਹਾ ਕਿ ਤਿੰਨਾਂ ਨਗਰ ਨਿਗਮ ਦਾ ਬਹੁਤ ਪਹਿਲਾਂ ਰਲੇਵਾਂ ਕੀਤਾ ਜਾ ਸਕਦਾ ਸੀ ਤੇ ਕਦੇ ਵੀ ਹੋ ਸਕਦਾ ਸੀ। ਇਹ ਨਗਰ ਨਿਗਮ ਚੋਣਾਂ ਨੂੰ ਟਾਲਣ ਦੀ ਚਾਲ ਹੈ, ਕਿਉਂਕਿ ਭਾਜਪਾ ਨੂੰ ਦਿੱਲੀ ਵਿੱਚ ਨਗਰ ਨਿਗਮ ਚੋਣਾਂ ਹਾਰਨ ਦਾ ਡਰ ਹੈ।

# ਪਾਕਿ ਵਿੱਚ ਸਿੱਖ ਭਾਈਚਾਰਾ ਧਾਰਮਿਕ ਚਿੰਨ੍ਹ ਗਾਤਰੇ ਕਾਰਨ ਦੁਬਿਧਾ ਵਿੱਚ

ਪੇਸ਼ਾਵਰ, 22 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਰਾਜ ਦੀ ਹਾਈਕੋਰਟ ਨੇ ਪਿਛਲੇ ਸਾਲ 22 ਦਸੰਬਰ ਨੂੰ ਸਿੱਖ ਭਾਈਚਾਰੇ ਦੀ ਕ੍ਰਿਪਾਨ (ਗਾਤਰਾ) ਪਹਿਨ ਕੇ ਅਦਾਲਤ ਅਤੇ ਹੋਰ ਸਰਕਾਰੀ ਇਮਾਰਤਾਂਵਿੱਚ ਜਾਣ ਦੀ ਖੁੱਲ੍ਹ ਦੇਣ ਦੀ ਪਟੀਸ਼ਨ ਰੱਦ ਕਰ ਕੇ ਹੁਕਮ ਦਿੱਤਾ ਸੀ ਕਿ ਸਰਕਾਰ ਦੀ ਸਾਲ 2012 ਦੀ ਅਸਲਾ ਨੀਤੀ ਅਨੁਸਾਰ ਸਿੱਖ ਲਾਇਸੈਂਸ ਲੈ ਕੇ ਹੀ ਅਦਾਲਤੀ ਕੰਪਲੈਕਸ ਜਾਂ ਸਰਕਾਰੀ ਦਫਤਰਾਂਵਿੱਚ ਕ੍ਰਿਪਾਨ ਪਹਿਨ ਸਕਦੇ ਹਨ। ਵਰਨਣ ਯੋਗ ਹੈ ਕਿ 3 ਇੰਚ ਤੋਂ 12 ਇੰਚ ਤੱਕ ਦੀ ਕ੍ਰਿਪਾਨ ਨੂੰ ਸਿੱਖਾਂ ਦਾ ਧਾਰਮਿਕ ਚਿੰਨ੍ਹ ਮੰਨਿਆ ਜਾਂਦਾ ਹੈ ਤੇ ਇਸ ਬਾਰੇਸਿੱਖ ਭਾਈਚਾਰੇ ਨੇ ਸਾਲ 2020ਵਿੱਚ ਪੇਸ਼ਾਵਰ ਹਾਈਕੋਰਟਵਿੱਚ ਪਟੀਸ਼ਨ ਦਾਇਰ



ਕਰਕੇ ਕ੍ਰਿਪਾਨ ਸਮੇਤ ਸਰਕਾਰੀ ਦਫ਼ਤਰਾਂਵਿੱਚ ਜਾਣ ਦੀ ਇਜਾਜ਼ਤ ਮੰਗੀ ਸੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ। ਭਾਰਤ ਸਣੇਬਹੁਤੇ ਦੇਸ਼ਾਂਵਿੱਚਸਿੱਖਾਂ ਨੂੰ ਹਰ ਸਮੇਂ ਇਹ ਛੋਟੀ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਹੈ। ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨਾ ਸਾਨੂੰ ਅਦਾਲਤਾਂ ਆਦਿਵਿੱਚ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਦਿੰਦੀ ਹੈ ਤੇ ਨਾ ਲਾਇਸੈਂਸ ਜਾਰੀ ਕਰਦੀ ਹੈ, ਜਿਸ ਕਾਰਨ ਸਾਨੂੰ ਅਦਾਲਤਜਾਣ ਤੋਂ ਪਹਿਲਾਂ ਕ੍ਰਿਪਾਨ ਉਤਾਰਨੀ ਪੈਂਦੀ ਹੈ।

# ਮਜੀਠਾ ਨੇੜਲੇ ਪਿੰਡ ਵਿੱਚ ਗੁੱਜਰਾਂ ਤੇ ਜ਼ਿਮੀਦਾਰਾਂ ਵਿਚਾਲੇ ਗੋਲੀ ਚੱਲੀ, ਦੋ ਗੁੱਜਰਾਂ ਦੀ ਮੌਤ

ਮਜੀਠਾ, 22 ਮਾਰਚ, (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਅਨੈਤਪੁਰਾ ਵਿਖੇ ਅੱਜ ਗੁੱਜਰਾਂ ਤੇ ਪਿੰਡ ਦੇ ਕਿਸਾਨਾਂ ਵਿੱਚਝਗੜੇਪਿੱਛੋਂ ਚੱਲੀ ਗੋਲੀ ਲੱਗਣ ਨਾਲ ਇੱਕ ਗੁੱਜਰ ਦੀ ਹਸਪਤਾਲ ਜਾਂਦਿਆਂ ਤੇ ਦੂਸਰੇ ਦੀ ਅੰਮ੍ਰਿਤਸਰ ਹਸਪਤਾਲ ਵਿਖੇ ਇਲਾਜ ਦੌਰਾਨ ਮੌਤ ਹੋ ਜਾਣ ਤੋਂ ਬਾਅਦ ਇਸ ਪਿੰਡ ਵਿਚ ਤਣਾਅ ਵਾਲਾ ਮਾਹੌਲ ਹੈ।

ਮਜੀਠਾ ਥਾਣੇ ਦੇ ਪਿੰਡ ਅਨੈਤਪੁਰਾ ਵਿੱਚਗੁੱਜਰ ਸੁਰਮਦੀਨ ਰੇੜ੍ਹੀਪਸ਼ੂਆਂ ਦਾ ਚਾਰਾ ਲੈਣਖੇਤਨੂੰ ਚੱਲਿਆਤਾਂਅੱਗੋਂ ਜ਼ਿਮੀਦਾਰਾਂ ਦੇ ਮੁੰਡੇ ਟਰੈਕਟਰ ਟਰਾਲੀਲੈ ਕੇਖੜੇ ਸਨ। ਸੁਰਮਦੀਨ ਨੇ ਉਨ੍ਹਾਤੋਂ ਰੇੜ੍ਹੀ ਲੰਘਾਉਣ ਲਈ ਰਾਹ ਮੰਗਿਆ ਤਾਂ ਅੱਗੋਂ ਨੌਜਵਾਨਾਂ ਨੇ ਗਾਲੀ ਗਲੋਚ ਕਰ ਦਿੱਤਾ।ਸੁਰਮਦੀਨ ਵਾਪਸ ਆਪਣੇ ਡੇਰੇ ਨੂੰ ਆ ਗਿਆ। ਇਸ ਪਿੱਛੋਂ ਟਰਾਲੀ ਵਾਲੇ ਨੌਜਵਾਨਾਂ ਨੇ ਨਹਿਰ ਕੰਢੇ ਉੱਤੇਲੱਗੀ ਪਰਾਲੀ ਨੂੰ ਅੱਗ ਲਾ ਦਿੱਤੀ। ਜਦੋਂ ਗੁੱਜਰਾਂ ਨੇ ਕਾਰਨ ਪੁਛਿਆ ਤਾਂ ਦੋਰਾਂ ਧਿਰਾਂ ਦਾ ਝਗੜਾ ਵਧ ਕੇ ਹੱਥੋ-ਪਾਈ ਤਕ ਪਹੁੰਚ ਗਿਆ। ਦੋਵੇਂ ਧਿਰਾਂ ਲੋਕਾਂ ਦੇ ਸਮਝਾਉਣ ਉੱਤੇ ਆਪੋ-ਆਪਣੇ ਘਰ ਚਲੇ ਗਈਆਂ, ਪਰ ਕੁਝ ਦੇਰ ਬਾਅਦ ਜ਼ਿਮੀਦਾਰਾਂ ਦੇ ਲੜਕੇ ਆਪਣੇ ਨਾਲ ਕੁਝ ਹੋਰਨਾਂ ਨੂੰ ਲੈ ਆਏ ਤੇ ਗੁੱਜਰਾਂ ਦੇ ਡੇਰੇ ਉੱਤੇ ਹੱਲਾ ਬੋਲ ਦਿੱਤਾ।ਇਸ ਮੌਕੇ ਜ਼ਿਮੀਦਾਰਾਂ ਦੇ ਮੁੰਡਿਆਂਵਿੱਚੋਂ ਕਿਸੇ ਨੇ ਗੋਲੀ ਚਲਾਈ ਤਾਂਗੁੱਜਰ ਸੁਰਮਦੀਨ ਪੁੱਤਰ ਫਿਰੋਜ਼ਦੀਨ, ਅਲੀਦੀਨ ਪੁੱਤਰ ਗਇਆ ਦੇ ਲੱਗੀ ਅਤੇ ਤੇਜ਼ਧਾਰ ਹਥਿਆਰਾਂ ਨਾਲ ਗੁੱਜਰ ਸੱਤੂਪੁੱਤਰ ਸੈਫਅਲੀ ਗੰਭੀਰ ਜ਼ਖ਼ਮੀ ਹੋ ਗਿਆ। ਗੋਲੀ ਨਾਲ ਜ਼ਖ਼ਮੀ ਹੋਏ ਸੁਰਮਦੀਨ ਦੀ ਹਸਪਤਾਲ ਜਾਂਦੇ ਸਮੇਂ ਰਾਹਵਿੱਚ ਮੌਤ ਹੋ ਗਈ ਅਤੇ ਅਲੀਦੀਨ ਨੂੰ ਗੰਭੀਰ ਜ਼ਖ਼ਮੀ ਹੋਣਕਾਰਨ ਅੰਮ੍ਰਿਤਸਰ ਹਸਪਤਾਲ ਲੈ ਕੇ ਗਏ, ਜਿੱਥੇ ਉਸ ਦੀ ਵੀ ਮੌਤ ਹੋ ਗਈ।

ਇਸ ਝਗੜੇਵਿੱਚ ਜ਼ਿਮੀਦਾਰ ਵੱਲੋਂ ਮਨਜਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਹਰਜਿੰਦਰ ਸਿੰਘ ਪੁੱਤਰ ਸੁਖਚੈਨ ਸਿੰਘ, ਨਿਸ਼ਾਨ ਸਿੰਘ ਪੁੱਤਰ ਗੁਰਭੇਜ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਤੇ ਹਰਪ੍ਰੀਤ ਸਿੰਘ ਹੈਪੀ ਮੌਜੂਦਾ ਸਰਪੰਚ ਵੀ ਜ਼ਖ਼ਮੀ ਦੱਸੇ ਜਾਂਦੇ ਹਨ।ਓਥੇ ਪਹੁੰਚੇ ਡੀਐੱਸਪੀ ਰਵਿੰਦਰ ਸਿੰਘ ਨੇ ਜਖਮੀਆਂ ਦੇ ਬਿਆਨਾਂ ਉੱਤੇ ਦੋਸ਼ੀ ਪਾਏ ਗਏ ਲੋਕਾਂਦੇ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਪਰ ਪਿੰਡ ਵਿੱਚ ਤਨਾਅ ਦਾ ਮਾਹੌਲ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047


NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

## 23 ਨੂੰ ਮਾਰਚ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ

# ਸ਼ਹੀਦ ਭਗਤ ਸਿੰਘ ਅਤੇ ਅਸੀਂ

-ਸੰਜੀਵਨ ਸਿੰਘ-



ਸ਼ਹੀਦ ਕਦੇ ਵੀ ਇਕ ਜਾਤ, ਧਰਮ, ਫਿਰਕੇ ਜਾਂ ਦੇਸ ਦੇ ਨਹੀਂ ਹੁੰਦੇ। ਸ਼ਹੀਦ ਤਾਂ ਸਾਰੀ ਇਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਹਨ। ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਹੈ। ਬਿਲਕੁਲ ਉਸੇ ਤਰ੍ਹਾਂ ਸ਼ਹੀਦ ਵੀ ਸਾਰਿਆਂ ਦੇ ਹੁੰਦੇ ਹਨ। ਅਸੀਂ ਲੋਕ ਸ਼ਹੀਦਾਂ ਨੂੰ ਸਾਲ ਵਿਚ ਇਕ ਵਾਰ ਫੇਰ ਵੀ ਯਾਦ ਕਰ ਲੈਂਦੇ ਹਾਂ, ਪਰ ਸ਼ਹੀਦ ਦੇ ਪ੍ਰੀਵਾਰ ਮਾਂ-ਬਾਪ, ਪਤਨੀ, ਬੱਚਿਆਂ ਦਾ ਕਦੇ ਵੀ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ ਸਮਝਦੇ। ਸ਼ਹੀਦ ਤਾਂ ਦੇਸ ਉੱਤੇ ਆਪਣੀ ਜਾਨ-ਕੁਰਬਾਨ ਕਰਕੇ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਮ ਦਰਜ ਕਰਵਾ ਲੈਂਦੇ ਹਨ।ਪਰ ਉਨ੍ਹਾਂ ਦੇ ਪ੍ਰੀਵਾਰ ਸ਼ਹੀਦੀ ਨੂੰ ਹਰ ਪਲ, ਹਰ ਘੜੀ ਹੰਢਾਉਂਦੇ ਹਨ। ਗ਼ਰੀਬੀ ਦੇ ਰੂਪ ਵਿਚ, ਭੁੱਖਮਰੀ ਦੇ ਰੂਪ ਵਿਚ, ਦੁਖਾਂ-ਤਕਲੀਫਾਂ ਦੇ ਰੂਪ ਵਿਚ। ਉਹਨਾਂ ਦਾ ਜ਼ਿਕਰ ਕਰਨਾ ਨਾ ਤਾਂ ਅਸੀਂ ਵਾਜ਼ਿਬ ਸਮਝਦੇ ਆਂ ਤੇ ਨਾ ਹੀ ਸਰਕਾਰਾਂ ਲੋੜ ਮਹਿਸੂਸ ਕਰਦੀਆਂ ਹਨ।

ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਲਿਖਤੀ ਜਾਂ ਜ਼ੁਬਾਨੀ ਕਹੀਆਂ ਭਗਤ ਸਿੰਘ ਦੀਆਂ ਕੁੱਝ ਗੱਲਾਂ/ਘਟਨਾਵਾਂ ਦਾ ਜ਼ਿਕਰ ਕਰਨਾ ਸਮੇਂ ਦੀ ਮੰਗ ਵੀ ਹੈ ਤੇ ਲੋੜ ਵੀ। ਸਰਦਾਰ ਭਗਤ ਸਿੰਘ ਨੇ ਹਾਕਿਮ ਨੂੰ ਪੱਤਰ ਲਿਖ ਕੇ ਕਿਹਾ ਸੀ, "ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਮਾਰੀ ਜਾਵੇ।ਪਰ ਕਿਉਂਕਿ ਤੁਹਾਡੇ ਹੱਥ ਵਿਚ ਤਾਕਤ ਹੈ।ਦੁਨਿਆ ਵਿਚ ਤਾਕਤ ਨੂੰ ਸਾਰੇ ਹੱਕ ਹਾਸਲ ਹੁੰਦੇ ਹਨ। ਅਸੀਂ ਜਾਣਦੇ ਹਾਂ, ਤੁਸੀਂ ਲੋਕ ਆਪਣਾ ਇਰਾਦਾ ਪੂਰਾ ਕਰਨ ਲਈ, ਜਿਸ ਦੀ ਲਾਠੀ, ਉਸ ਦੀ ਮੈਸ ਦਾ ਅਸੂਲ ਅਪਨਾਉਗੇ। ਪਰ ਅਸੀਂ ਜੰਗੀ ਕੈਦੀ ਹਾਂ। ਇਸ ਲਈ ਅਸੀਂ ਮੰਗ ਕਰਦੇ ਹਾਂ, ਸਾਡੇ ਨਾਲ ਜੰਗੀ ਕੈਦੀਆਂ ਵਰਗਾ ਸਲੂਕ ਕੀਤਾ ਜਾਵੇ, ਫਾਂਸੀ ਉੱਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਇਸ ਲਈ ਅਸੀਂ ਬੇਨਤੀ ਕਰਦੇ ਹਾਂ, ਤੁਸੀਂ ਆਪਣੇ ਫੌਜੀ ਮਹਿਕਮੇ ਨੂੰ ਹੁਕਮ ਦੇਵੋ, ਸਾਨੂੰ ਗੋਲੀ ਨਾਲ ਮਾਰਨ ਲਈ ਇਕ ਫੌਜੀ ਦਸਤਾ ਭੇਜੇ।

ਸਰਦਾਰ ਭਗਤ ਸਿੰਘ ਅਦਾਲਤ ਵਿਚ ਪੇਸ਼ੀ ਸਮੇਂ ਅੰਗਰੇਜ਼ੀ ਅਦਾਲਤ ਦਾ ਮਜ਼ਾਕ ਉਡਾ ਰਿਹਾ ਸੀ। ਸਰਕਾਰੀ ਵਕੀਲ ਨੇ ਕਿਹਾ, "ਤੁਸੀਂ ਦੇਸ ਧਰੋਹੀ ਹੋ।" ਭਗਤ ਸਿੰਘ ਫਿਰ ਹੱਸਿਆ। ਸਰਕਾਰੀ ਵਕੀਲ ਨੇ ਕਿਹਾ, "ਭਗਤ ਸਿੰਘ ਤੁਸੀਂ ਇਸ ਤਰ੍ਹਾਂ ਅਦਾਲਤ ਦੀ ਤੌਹੀਨ ਕਰ ਰਹੇ ਹੋ।" ਭਗਤ ਸਿੰਘ ਨੇ ਕਿਹਾ, "ਵਕੀਲ ਸਾਹਿਬ ਮੈਂ ਜਦ ਤੱਕ ਜਿਊਂਦਾ ਰਹਾਂਗਾ ਇਵੇਂ ਹੀ ਹੱਸਦਾ ਰਹਾਂਗਾ। ਜਦੋਂ ਮੈਂ ਫਾਂਸੀ ਦੇ ਤਖਤੇ 'ਤੇ ਖੜ੍ਹਾ ਹੋ ਕੇ ਹੱਸ-ਾਂਗਾ, ਉਦੋਂ ਤੁਸੀਂ ਕਿਹੜੀ ਅਦਾਲਤ ਵਿਚ ਸ਼ਕਾਇਤ ਕਰੋਗੇ।"

ਬਾਬਾ ਸੋਹਨ ਸਿੰਘ ਭਕਨਾ ਭਗਤ ਸਿੰਘ ਨੂੰ ਜੇਲ ਵਿਚ ਮਿਲਣ ਲਈ ਗਏ। ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ, "ਭਗਤ ਸਿੰਘ ਤੁਹਾਡਾ ਕੋਈ ਰਿਸ਼ਤੇਦਾਰ ਮਿਲਣ ਨਹੀਂ ਆਇਆ।" ਤਾਂ ਭਗਤ ਸਿੰਘ ਨੇ ਕਿਹਾ, "ਬਾਬਾ ਜੀ ਮੇਰਾ ਖੂਨ ਦਾ ਰਿਸ਼ਤਾ ਤਾਂ ਸ਼ਹੀਦਾਂ ਦੇ ਨਾਲ ਹੈ, ਖ਼ੁਦੀ ਰਾਮ ਬੋਸ ਦੇ ਨਾਲ, ਕਰਤਾਰ ਸਿੰਘ ਸਰਾਭਾ ਦੇ ਨਾਲ, ਅਸੀਂ ਸਭ ਇਕ ਹੀ ਖੂਨ ਦੇ ਹਾਂ। ਸਾਡਾ ਖੂਨ ਇਕ ਹੀ ਜਗ੍ਹਾ ਤੋਂ ਆਇਐ, ਇਕ ਹੀ ਜਗ੍ਹਾਂ ਜਾ ਰਿਹੈ। ਦੂਜਾ ਰਿਸ਼ਤਾ ਤੁਹਾਡੇ ਲੋਕਾਂ ਦੇ ਨਾਲ ਹੈ, ਜੋ ਸਾਨੂੰ ਪ੍ਰੇਰਣਾ ਦੇ ਰਹੇ ਹੋ, ਜਿਹਨਾਂ ਦੇ ਨਾਲ ਕਾਲ ਕੋਠੜੀ ਵਿਚ ਅਸੀਂ ਪਸੀਨਾ ਬਹਾਇਆ ਹੈ। ਤੀਜੇ ਰਿਸ਼ਤੇਦਾਰ ਉਹ ਹੋਣਗੇ ਜੋ ਖੂਨ-ਪਸੀਨੇ ਦੇ ਨਾਲ ਤਿਆਰ ਕੀਤੀ ਜ਼ਮੀਨ ਵਿਚੋਂ ਨਵੀਂ ਨਸਲ ਅਤੇ ਸ਼ਕਲ ਵਿਚ ਪੈਦਾ ਹੋਣਗੇ। ਜੋ ਸਾਡੇ ਮਿਸ਼ਨ ਨੂੰ, ਸਾਡੀ ਸੋਚ ਨੂੰ ਅੱਗੇ ਵਧਾਉਣਗੇ। ਇਸ ਤੋਂ ਇਲਾਵਾ ਸਾਡੇ ਹੋਰ ਕੌਣ ਰਿਸ਼ਤੇਦਾਰ ਹੋ ਸਕਦੇ ਬਾਬਾ ਜੀ।"

ਮਾਨਵਾਲ ਜ਼ਿਲਾ ਸ਼ੇਖੂਪੁਰਾ ਦੇ ਤੇਜਾ ਸਿੰਘ ਮਾਨ ਦੀ ਭੈਣ ਨਾਲ ਵਿਆਹ ਨਿਯਤ ਹੋਣ ਤੋਂ ਬਾਅਦ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਪੱਤਰ ਲਿਖ ਕੇ ਕਿਹਾ, "ਸਤਿਕਾਰਯੋਗ ਪਿਤਾ ਜੀ, ਇਹ ਵਿਆਹ ਦਾ ਸਮਾਂ ਨਹੀਂ ਹੈ। ਦੇਸ਼ ਮੈਨੂੰ ਬੁਲਾ ਰਿਹਾ ਹੈ। ਮੈਂ ਅਪਣਾ ਤਨ, ਮਨ ਅਤੇ ਧਨ ਦੇਸ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ ਹੈ। ਵੈਸੇ ਵੀ ਇਹ ਸਾਡੇ ਪ੍ਰੀਵਾਰ ਲਈ ਕੋਈ ਨਵੀਂ ਗੱਲ ਨਹੀਂ।ਸਾਡਾ ਸਾਰਾ ਖ਼ਾਨਦਾਨ ਦੇਸ ਭਗਤਾਂ ਦਾ ਹੈ।1910 ਵਿਚ ਮੇਰੇ ਜਨਮ ਦੇ ਦੋ-ਤਿੰਨ ਸਾਲ ਬਾਅਦ ਹੀ ਚਾਚਾ ਸਵਰਨ ਸਿੰਘ ਜੀ ਜੇਲ ਵਿਚ ਸਵਰਗਵਾਸ ਹੋਏ ਸਨ। ਚਾਚਾ ਅਜੀਤ ਸਿੰਘ ਜੀ ਜਲਾਵਤਨ ਹੋ ਕੇ ਗ਼ੈਰ-ਮੁਲਕਾਂ ਵਿਚ ਰਹੇ। ਚਾਚਾ ਜੀ ਨੇ ਜੇਲਾਂ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ। ਮੈਂ ਤਾਂ ਸਿਰਫ ਉਹਨਾਂ ਦੇ ਨਕਸ਼ੇ-ਕਦਮ ਉਪਰ ਚੱਲ ਰਿਹਾ ਹਾਂ। ਮਿਹਰਬਾਨੀ ਕਰਕੇ ਤੁਸੀਂ ਮੈਨੂੰ ਵਿਆਹ ਦੇ ਬੰਧਨ ਵਿਚ ਨਾ ਜਕੜੋ। ਬਲਕਿ ਮੇਰੇ ਹੱਕ ਵਿਚ ਦੁਆ ਕਰੋ। ਤਾਂ ਜੋ ਮੈਂ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਾਂ।"

ਪਿਤਾ ਨੇ ਭਗਤ ਸਿੰਘ ਦੇ ਜਵਾਬ ਵਿਚ ਲਿਖਿਆ, "ਬੇਟਾ, ਅਸੀਂ ਤੇਰਾ ਵਿਆਹ ਨਿਸ਼ਚਿਤ ਕਰ ਦਿਤਾ ਹੈ। ਅਸੀਂ ਲੜਕੀ ਵੇਖ ਚੁੱਕੇ ਹਾਂ। ਸਾਨੂੰ ਪਸੰਦ ਹੈ। ਤੈਨੂੰ ਆਪਣੀ ਦਾਦੀ ਦੀ ਗਲ ਮੰਨਣੀ ਚਾਹਦੀ ਹੈ। ਮੇਰਾ ਆਦੇਸ਼ ਹੈ, ਤੂੰ ਵਿਆਹ ਵਿਚ ਕਿਸੇ ਕਿਸਮ ਦਾ ਅੜਿਕਾ ਨਾ ਪਾਵੇ। ਖ਼ੁਸ਼ੀ ਨਾਲ ਸਹਿਮਤ ਹੋ ਜਾਅ।"

ਭਗਤ ਸਿੰਘ ਨੇ ਪਿਤਾ ਦੀ ਇਸ ਚਿੱਠੀ ਦੇ ਜਵਾਬ ਵਿਚ ਕਿਹਾ, "ਸਤਿਕਾਰਯੋਗ ਪਿਤਾ ਜੀ, ਮੈਨੂੰ ਇਹ ਪੜ੍ਹ ਕੇ ਹੈਰਾਨੀ ਹੋਈ,ਜੇ ਤੁਹਾਡੇ ਜਿਹੇ ਸੱਚੇ ਦੇਸ-ਭਗਤ ਅਤੇ ਬਹਾਦਰ ਇਨਸਾਨ ਨੂੰ ਵੀ ਇਹ ਮਾਮੂਲੀ ਗੱਲਾਂ ਪ੍ਰਭਾਵਿਤ ਕਰ ਸਕਦੀਆਂ ਹਨ। ਫੇਰ ਇਕ ਆਮ ਗੁਲਾਮ ਇਨਸਾਨ ਦਾ ਕੀ ਹੋਵੇਗਾ? ਤੁਸੀਂ ਸਿਰਫ ਮੇਰੀ ਦਾਦੀ ਜੀ ਦੀ ਫ਼ਿਕਰ ਕਰ ਰਹੇ ਹੋ। ਪਰ 33 ਕਰੋੜ ਲੋਕਾਂ ਦੀ ਮਾਂ, ਭਾਰਤ ਮਾਂ ਦੇ ਦੁੱਖ ਦੂਰ ਕਰਨ ਦੇ ਬਾਰੇ ਸੋਚੋ।ਭਾਰਤ ਮਾਂ ਦੇ ਦੁੱਖ ਦੂਰ ਕਰਨ ਲਈ ਸਾਨੂੰ ਸਭ ਕੁੱਝ ਕੁਰਬਾਨ ਕਰ ਦੇਣਾ ਚਾਹੀਦਾ ਹੈ।"

ਸਰਦਾਰ ਭਗਤ ਸਿੰਘ ਨੇ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਅਸੀਂ ਮੁੱਠੀ-ਭਰ ਕਰਾਂਤੀਕਾਰੀ, ਲੋਕਾਂ ਨੂੰ ਨਾਲ ਲਏ ਬਿਨਾਂ ਆਜ਼ਾਦੀ ਹਾਸਿਲ ਨਹੀਂ ਕਰ ਸਕਦੇ। ਜਨਤਾ ਦੀ ਸ਼ਕਤੀ ਦੇ ਨਾਲ ਹੀ ਸਾਡਾ ਮੁਲਕ ਆਜ਼ਾਦ ਹੋਏਗਾ। ਭਾਰਤ ਦੀ ਲੁੱਟ ਨੂੰ ਖਤਮ ਕਰਨਾ, ਨੌਕਰਸ਼ਾਹੀ ਦਾ ਦਬਦਬਾ ਖਤਮ ਕਰਨਾ, ਲੋਕਾਂ ਨੂੰ ਹਕੂਮਤ ਵਿਚ ਬਰਾਬਰ ਦਾ ਹਿੱਸੇਦਾਰ ਬਣਾਉਣਾ ਸਾਡਾ ਪਹਿਲਾ ਫ਼ਰਜ਼ ਹੈ।"



ਹੁਣ ਦੇਖਣਾ ਹੈ ਕਿ ਭਗਤ ਸਿੰਘ ਤੇ ਅਣਗਿਣਤ ਦੇਸ ਭਗਤ ਜਿਨਾਂ ਨੇ ਆਪਣੀਆਂ ਜਾਨਾਂ ਦੇਸ ਦੀ ਆਜ਼ਾਦੀ ਖਾਤਰ ਹੱਸ ਕੇ ਕੁਰਬਾਨ ਕੀਤੀਆਂ। ਕੀ ਅੱਜ ਦਾ ਭਾਰਤ ਉਹਨਾਂ ਦੇ ਸੁਪਨਿਆਂ ਦਾ ਭਾਰਤ ਹੀ ਹੈ? ਜੇਕਰ ਨਹੀਂ ਤਾਂ ਕੀ ਕਾਰਨ ਹੈ? ਕੀ ਅਸੀਂ ਉਹਨਾਂ ਦੇ, ਉਹਨਾਂ ਦੀ ਸੋਚ ਦੇ ਵਾਰਿਸ ਬਣ ਸਕੇ ਹਾਂ? ਜੇਕਰ ਨਹੀਂ ਤਾਂ ਕੀ ਕਾਰਨ ਹਨ, ਕਿੱਥੇ ਗੜਬੜ ਹੋਈ ਹੈ? ਮੁਲਕ ਇਕ ਵਾਰ ਫੇਰ ਗੁਲਾਮੀ ਵੱਲ ਵੱਧ ਰਿਹਾ ਹੈ।ਪਰ ਹੁਣ ਵਾਲੀ ਗੁਲਾਮੀ ਪਹਿਲੀ ਗੁਲਾਮੀ ਨਾਲ ਬੇਹਦ ਖਤਰਨਾਕ ਅਤੇ ਖੌਫਨਾਕ ਹੋਵੇਗੀ।ਸਾਮਰਾਜਵਾਦ ਦੇ ਕੋਝੇ ਮਨਸੂਬੇ ਭਾਰਤ ਨੂੰ ਰਾਜਨੀਤਿਕ, ਸਾਮਜਿਕ, ਸਭਿਆਚਾਰਕ ਤੇ ਆਰਿਥਕ ਤੌਰ 'ਤੇ ਗੁਲਾਮ ਕਰਨ ਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜ਼ੂਮ-ਮਾਧਿਅਮ ਰਾਹੀਂ 'ਅੰਤਰਰਾਸ਼ਟਰੀ ਔਰਤ ਦਿਵਸ' ਦੀ ਮਹਾਨਤਾ ਬਾਰੇ ਕੀਤੀ ਵਿਚਾਰ-ਚਰਚਾ






ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 20 ਮਾਰਚ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣੇ ਮਹੀਨਾਵਾਰ ਸਮਾਗਮ ਵਿਚ ਜ਼ੂਮ ਮਾਧਿਅਮ ਦੁਆਰਾ ਅੰਤਰ-ਰਾਸ਼ਟਰੀ ਔਰਤ ਦਿਵਸ ਦੀ ਮਹਾਨਤਾ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਸਮਾਗਮ ਵਿਚ ਮੁੱਖ-ਬੁਲਾਰੇ ਪੰਜਾਬੀ ਦੇ ਉੱਘੇ ਕਹਾਣੀਕਾਰ ਅਤੇ ਬਰੈਂਪਟਨ ਦੇ ਵਾਰਡ ਨੰਬਰ 9 ਤੇ 10 ਦੇ ਸਕੂਲ-ਟਰੱਸਟੀ ਬਲਬੀਰ ਸੋਹੀ ਸਨ। ਦੋਹਾਂ ਬੁਲਾਰਿਆਂ ਵੱਲੋਂ ਅੰਤਰ-ਰਾਸ਼ਟਰੀ ਪੱਧਰ 'ਤੇ ਮਨਾਏ ਜਾਂਦੇ ਔਰਤ ਦਿਵਸ ਦੇ ਮਨਾਏ ਜਾਣ ਦੀ ਸ਼ੁਰੂਆਤ, ਮਹਾਨਤਾ ਅਤੇ ਔਰਤ-ਮਰਦ ਵਿਚਕਾਰ ਅਜੇ ਵੀ ਚੱਲ ਰਹੀ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਨਾ-ਬਰਾਬਰੀ ਬਾਰੇ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਪ੍ਰੋਗਰਾਮ ਵਿਚ ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਔਰਤ-ਦਿਵਸ ਬਾਰੇ ਸੰਖੇਪ ਵਿਚ ਦੱਸਿਆ ਅਤੇ ਇਸ ਦੇ ਨਾਲ ਹੀ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਮੁੱਖ-ਬੁਲਾਰਿਆਂ, ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਹਿਣ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਆਪਣੀ ਇਹ ਡਿਊਟੀ ਨਿਭਾਉਂਦਿਆਂ ਹੋਇਆਂ ਔਰਤਾਂ ਦੇ ਸਮਾਜ ਵਿਚ ਪੂਰਾ ਸਤਿਕਾਰ ਅਤੇ ਉਨ੍ਹਾਂ ਨੂੰ ਹਰ ਪੱਖੋਂ ਬਰਾਬਰੀ ਦਾ ਅਧਿਕਾਰ ਦੇਣ ਦੀ ਗੱਲ ਕੀਤੀ। ਉਪਰੰਤ, ਸਮਾਗਮ ਦੇ ਪਹਿਲੇ ਬੁਲਾਰੇ ਕੁਲਜੀਤ ਮਾਨ ਨੇ ਆਪਣੇ ਸੰਬੋਧਨ ਵਿਚ ਵਿਸ਼ਵ-ਭਰ ਵਿਚ ਤੇਜ਼ੀ ਨਾਲ ਹੋ ਰਹੀਆਂ ਸਮਾਜਿਕ ਤੇ ਸਭਿਆਚਾਰਕ ਤਬਦੀਲੀਆਂ ਤੋਂ ਆਪਣੀ ਗੱਲ ਸ਼ੁਰੂ ਕੀਤੀ ਅਤੇ ਦੱਸਿਆ ਕਿ ਅੰਤਰ-ਰਾਸ਼ਟਰੀ ਔਰਤ ਦਿਵਸ ਹੁਣ ਇਕ ਤਰ੍ਹਾਂ 'ਤਬਦੀਲੀ ਦਾ ਚਿੰਨ੍ਹ' ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਔਰਤ ਜਦੋਂ ਸੰਸਥਾ ਵਜੋਂ ਜੱਦੋ-ਜਹਿਦ ਕਰਦੀ ਹੈ ਤਾਂ ਮਰਦ-ਪ੍ਰਧਾਨ ਸਮਾਜ ਵੱਲੋਂ ਇਸ ਦੀ ਵਿਰੋਧਤਾ ਕੀਤੀ ਜਾਂਦੀ ਹੈ ਪਰ ਹੁਣ ਉਸ ਨੂੰ ਇਸ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਨੇ ਦੂਸਰੇ ਵਿਸ਼ਵ-ਯੁੱਧ ਵਿਚ ਔਰਤਾਂ ਵੱਲੋਂ ਮਿਲਟਰੀ ਪੱਖੋਂ ਨਿਭਾਈਆਂ ਗਈਆਂ ਪ੍ਰਮੁੱਖ ਭੂਮਿਕਾਵਾਂ ਅਤੇ 'ਇੰਟਰਨੈਸ਼ਨਲ ਵੋਮੈੱਨ ਵਾਇਲੈਂਸ ਐਕਟ' ਬਾਰੇ ਵੀ ਚਰਚਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਔਰਤਾਂ ਨੂੰ ਮਰਦਾਂ ਦੀ ਅਧੀਨਗੀ ਤੋਂ ਉੱਪਰ ਉੱਠਣ ਦੀ ਗੱਲ ਕਰਦਿਆਂ ਕਿਹਾ ਕਿ ਸਾਡੇ ਸਮਾਜ ਵਿਚ ਅਜੇ ਵੀ ਧੀ ਅਤੇ ਪੁੱਤਰ ਵਿਚ ਫ਼ਰਕ ਸਮਝਿਆ ਜਾਂਦਾ ਹੈ। ਧੀ ਦੀ ਲੋਹੜੀ ਮਨਾਉਣ ਬਾਰੇ ਸਾਨੂੰ ਅਜੇ ਵੀ ਲੋਕਾਂ ਨੂੰ ਦੱਸਣ ਦੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਹੋਰ ਕਿਹਾ ਕਿ ਔਰਤ ਤੇ ਮਰਦ ਵਿਚਕਾਰ ਘਰ ਦੇ ਕੰਮਾਂ ਦੀ ਵੀ ਵੰਡ ਹੋਣੀ ਚਾਹੀਦੀ ਹੈ। ਸਮਾਗਮ ਦੇ ਦੂਸਰੇ ਮੁੱਖ-ਬੁਲਾਰੇ ਬਲਬੀਰ ਸੋਹੀ ਨੇ ਔਰਤਾਂ ਵਿਚ ਸਿੱਖਿਆ ਦੇ ਮਹੱਤਵ ਬਾਰੇ ਸੰਬੋਧਨ ਕਰਦਿਆਂ ਕਿਹਾ ਕਿ ਔਰਤ ਦੇ ਪੜ੍ਹਨ-ਲਿਖਣ ਨਾਲ ਅੱਗੋਂ ਉਸ ਦੀਆਂ ਤਿੰਨ ਪੀੜ੍ਹੀਆਂ ਸਿੱਖਿਅਤ ਹੋ ਜਾਂਦੀਆਂ ਹਨ। ਇਸ ਲਈ ਸਾਨੂੰ ਲੋੜਵੰਦ ਔਰਤਾਂ ਦੀ ਪੜ੍ਹਾਈ ਵਿਚ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਹੁਣ ਤੀਕ 17 ਲੜਕੀਆਂ ਨੂੰ ਮਾਸਟਰ ਪੱਧਰ ਤੱਕ ਸਿੱਖਿਆ ਦੇਣ ਵਿਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਨਿੱਜੀ ਜੀਵਨ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਵੱਲੋਂ ਬਰੈਂਪਟਨ ਵਿਚ 'ਮੋਬਾਈਲ ਡੈਂਟਲ ਹਾਈਜੀਨ ਸੇਵਾ' ਆਰੰਭ ਕਰਨ ਦੀ ਪਹਿਲ ਕੀਤੀ ਗਈ ਤਾਂ ਇਸ ਦੇ ਲਈ ਟਰੱਕ ਖ਼੍ਰੀਦਣ ਵਿਚ ਹੀ ਬੜੀ ਦਿੱਕਤ ਆਈ ਸੀ। ਉਨ੍ਹਾਂ ਕਿਹਾ ਕਿ ਸਾਡੇ ਵਿਚ ਗ਼ਲਤ ਨੂੰ ਗ਼ਲਤ ਕਹਿਣ ਦੀ ਜੁਰਅਤ ਹੋਣੀ ਚਾਹੀਦੀ ਹੈ ਅਤੇ ਸਾਨੂੰ ਸੱਚ ਕਹਿਣ ਤੋਂ ਕਦੇ ਵੀ ਡਰਨਾ ਜਾਂ ਘਬਰਾਉਣਾ ਨਹੀਂ ਚਾਹੀਦਾ। ਕੈਲਗਰੀ ਤੋਂ ਸਮਾਗਮ ਦਾ ਹਿੱਸਾ ਬਣਦਿਆਂ ਗੁਰਦੀਸ਼ ਗਰੇਵਾਲ ਨੇ ਸਮਾਜਿਕ ਬਰਾਬਰੀ ਦੇ ਧਾਰਮਿਕ ਪੱਖ ਨੂੰ ਉਜਾਗਰ ਕਰਦਿਆਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੇ ਔਰਤ ਬਾਰੇ ਮਹਾਨ ਕਥਨ "ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ" ਦਾ ਹਵਾਲਾ ਦਿੰਦਿਆਂ ਅਤੇ ਗੁਰੂ ਅਮਰ ਦਾਸ ਜੀ ਵੱਲੋਂ ਸਤੀ ਪ੍ਰਥਾ ਖ਼ਤਮ ਕਰਨ ਲਈ ਭਰਪੂਰ ਆਵਾਜ਼ ਉਠਾਉਣ ਦੀ ਗੱਲ ਕਰਦਿਆਂ ਉਨ੍ਹਾਂ ਸਿੱਖ-ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਬੇਬੇ ਨਾਨਕੀ, ਬੀਬੀ ਭਾਨੀ, ਬੀਬੀ ਅਮਰੋ, ਮਾਤਾ ਗੁਜਰੀ ਅਤੇ ਮਾਈ ਭਾਗੋ ਦੀਆਂ ਵਿਸ਼ੇਸ਼ ਉਦਾਹਰਣਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਔਰਤਾਂ ਦਾ ਸਨਮਾਨ ਕਰਨ ਲਈ ਸਮਾਜ ਨੂੰ ਲੋੜੀਂਦੀ ਸਿੱਖਿਆ ਦੇਣ ਦੀ ਜ਼ਰੂਰਤ ਹੈ। ਵਿਚਾਰ-ਚਰਚਾ ਨੂੰ ਸਮੇਟਦਿਆਂ ਪ੍ਰੋ. ਰਾਮ ਸਿੰਘ ਨੇ ਕਿਹਾ ਕਿ ਸਾਰੇ ਬੁਲਾਰਿਆਂ ਵੱਲੋਂ ਸਮਾਜਿਕ ਅਸਮਾਨਤਾ ਦੇ ਮਸਲੇ ਉੱਪਰ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਗਏ ਹਨ। ਇਹ ਸਮੱਸਿਆ ਏਸ਼ੀਅਨ ਮੁਲਕਾਂ, ਵਿਸ਼ੇਸ਼ ਕਰਕੇ ਮੁਸਲਿਮ ਦੇਸ਼ਾਂ ਵਿਚ ਵਧੇਰੇ ਗੰਭੀਰ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਦੇਣ ਲਈ ਕਾਨੂੰਨੀ ਅਤੇ ਰਾਜਨੀਤਕ ਦੋਹਾਂ ਹੀ ਫ਼ਰੰਟਾਂ 'ਤੇ ਗੰਭੀਰਤਾ ਨਾਲ ਯਤਨ ਕੀਤੇ ਜਾਣ ਦੀ ਜ਼ਰੂਰਤ ਹੈ। ਦਿੱਲੀ ਦੇ ਮਨਹੂਸ 'ਨਿਰਭੈ ਰੇਪ-ਕਾਂਡ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਸ਼ਾਮਲ ਚਾਰ ਦੋਸ਼ੀਆਂ ਨੂੰ ਫਾਂਸੀ ਦਿੱਤੀ ਗਈ ਸੀ ਪਰ 17 ਸਾਲ ਦੇ ਇਕ ਸੰਗੀਨ ਦੋਸ਼ੀ ਨੂੰ ਇਸ ਕਰਕੇ ਫਾਂਸੀ ਦੀ ਸਜ਼ਾ ਨਹੀਂ ਸੀ ਦਿੱਤੀ ਗਈ, ਕਿਉਂਕਿ ਉਹ ਨਾਬਾਲਗ ਸੀ ਅਤੇ ਹੁਣ ਕਾਨੂੰਨ ਵਿਚ ਲੋੜੀਂਦੀ ਸੋਧ ਕਰਕੇ ਗੰਭੀਰ ਦੋਸ਼ੀਆਂ ਲਈ ਫ਼ਾਂਸੀ ਦੀ ਪ੍ਰੋਵਿਜ਼ਨ ਕਰ ਦਿੱਤੀ ਗਈ ਹੈ। ਸਮਾਗਮ ਦੇ ਦੂਸਰੇ ਭਾਗ ਵਿਚ ਹੋਏ ਕਵੀ ਦਰਬਾਰ ਦਾ ਸੰਚਾਲਨ ਪਰਮਜੀਤ ਢਿੱਲੋਂ ਵੱਲੋਂ ਕੀਤਾ ਗਿਆ ਜਿਸ ਵਿਚ ਰਿੰਟੂ ਭਾਟੀਆ, ਗੁਰਦੀਸ਼ ਗਰੇਵਾਲ, ਪਰਮਜੀਤ ਦਿਓਲ, ਸੁਰਜੀਤ ਕੌਰ, ਅਨੰਤ ਕੌਰ, ਦਲਜੀਤ ਕੌਰ ਬਨਵੈਤ, ਮਨਜੀਤ ਸੇਖੋਂ, ਇਕਬਾਲ ਬਰਾੜ, ਸੁਖਦੇਵ ਸਿੰਘ ਝੰਡ, ਨਿਰਵੈਰ ਸਿੰਘ ਅਰੋੜਾ, ਬਲਬੀਰ ਭਲੂਰੀਆ, ਮਲੂਕ ਸਿੰਘ ਕਾਹਲੋਂ, ਮਕਸੂਦ ਚੌਧਰੀ, ਗਿਆਨ ਸਿੰਘ ਦਰਦੀ, ਪ੍ਰੋ.ਰਾਮ ਸਿੰਘ, ਪਰਮਜੀਤ ਗਿੱਲ ਅਤੇ ਪਰਮਜੀਤ ਢਿੱਲੋਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਸੁਣਾਏ। ਬਹੁਤੀਆਂ ਕਵਿਤਾਵਾਂ ਅੰਤਰ-ਰਾਸ਼ਟਰੀ ਔਰਤ ਦਿਵਸ ਨਾਲ ਸਬੰਧਿਤ ਸਨ, ਜਦ ਕਿ ਕੁਝ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਮਹਾਨ ਸ਼ਹੀਦੀ ਅਤੇ ਕਈ ਹੋਰ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਸਨ। ਡਾ. ਅਮਰਜੀਤ ਸਿੰਘ ਬਨਵੈਤ ਵੱਲੋਂ ਸਭਾ ਦੇ ਇਸ ਉਪਰਾਲੇ ਦੀ ਭਾਰੀ ਸ਼ਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਭਾ ਵੱਲੋਂ ਅਜਿਹੇ ਦਿਨਾਂ ਦੀ ਮਹਾਨਤਾ ਉੱਪਰ 'ਤੇ ਵਿਚਾਰ ਕਰਕੇ ਇਹ ਦਿਨ ਬੜੇ ਸੁਚਾਰੂ ਤਰੀਕੇ ਨਾਲ ਮਨਾਏ ਜਾਂਦੇ ਹਨ ਅਤੇ ਇਸ ਨਾਲ ਲੋਕਾਂ ਨੂੰ ਉਸਾਰੂ ਸੇਧ ਮਿਲਦੀ ਹੈ ਅਤੇ ਸਮਾਜ ਲਈ ਸਾਰਥਿਕ ਕੰਮ ਕਰਨ ਲਈ ਉਤਸ਼ਾਹ ਮਿਲਦਾ ਹੈ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮਾਗਮ ਵਿਚ ਸ਼ਾਮਲ ਸਮੂਹ ਬੁਲਾਰਿਆਂ, ਕਵੀਆਂ-ਕਵਿੱਤਰੀਆਂ ਅਤੇ ਗਾਇਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗਮ ਵਿਚ ਸਭਾ ਦੇ ਸਰਗਰਮ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਪੰਜਾਬ ਤੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ, ਜਦ ਕਿ ਉੱਥੇ ਗਏ ਇਕ ਹੋਰ ਸਰਗਰਮ ਮੈਂਬਰ ਤਲਵਿੰਦਰ ਮੰਡ ਜ਼ਰੂਰੀ ਸਮਾਜਿਕ ਰੁਝੇਵਿਆਂ ਦੇ ਕਾਰਨ ਵਿਚ ਭਾਗ ਨਾ ਲੈ ਸਕੇ। ਸਮਾਗਮ ਵਿਚ ਸ਼ਮੂਲੀਅਤ ਕਰਨ ਵਾਲਿਆਂ ਵਿਚ ਸਤਵੰਤ ਸਿੰਘ, ਮਲਵਿੰਦਰ ਸ਼ਾਇਰ, ਗਿਆਨ ਸਿੰਘ ਦਰਦੀ, ਹਰਦਿਆਲ ਸਿੰਘ ਝੀਤਾ, ਨਛੱਤਰ ਸਿੰਘ ਬਦੇਸ਼ਾ, ਸੁਰਜੀਤ ਕੌਰ, ਹਰਜਸ ਕੌਰ ਗਿੱਲ, ਹਰਪ੍ਰੀਤ ਕੌਰ, ਸੁਖਦੀਪ ਕੌਰ ਸੰਧੂ ਤੇ ਹੋਰ ਕਈ ਹਾਜ਼ਰ ਸਨ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਓਨਟਾਰੀਓ ਲਿਬਰਲ ਪਾਰਟੀ ਦੀ ਆਗੂ ਈਡਾ ਲੀ ਪਰੈਟੀ ਵੱਲੋਂ ਆਪਣੇ ਨਵੇਂ ਕੈਂਪੇਨ-ਆਫ਼ਿਸ ਦਾ ਉਦਘਾਟਨ

ਮਕਸੂਦ ਚੌਧਰੀ, ਡਾ. ਮੁਹੰਮਦ ਅਯੂਬ, ਹਰਜੀਤ ਬਮਰਾ, ਮੋਹਨਪ੍ਰੀਤ ਬਮਰਾ, ਬਲਦੇਵ ਸਿੰਘ ਤੇ ਕਈ ਹੋਰਨਾਂ ਨੇ ਕੀਤੀ ਸ਼ਿਰਕਤ



ਬਰੈਂਪਟਨ, (ਡਾ. ਝੰਡ) - ਲੰਘੇ ਹਫ਼ਤੇ 15 ਮਾਰਚ ਨੂੰ ਓਨਟਾਰੀਓ ਦੀ ਲਿਬਰਲ ਪਾਰਟੀ ਦੀ ਨੇਤਾ ਈਡਾ ਲੀ ਪਰੈਟੀ ਵੱਲੋਂ ਹੰਬਰ ਰਿਵਰ ਬਲੈਕ ਕਰੀਕ, 2699 ਜੇਨ ਸ਼ੈਂਫ਼ਰਡ ਵਿਖੇ ਆਪਣੇ ਨਵੇਂ ਕੈਂਪੇਨ-ਆਫ਼ਿਸ ਦਾ ਉਦਘਾਟਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਈਡਾ ਲੀ ਪਰੈਟੀ ਅਤੇ ਉਨ੍ਹਾਂ ਦੇ ਪਤੀ 1950'ਆਂ ਵਿਚ ਸਾਊਥ ਇਟਲੀ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਲੈ ਕੇ ਆਏ ਸਨ ਅਤੇ ਇਸ ਦੇਸ਼ ਨੇ ਹੋਰ ਇਮੀਗਰੈਂਟਾਂ ਵਾਂਗ ਉਨ੍ਹਾਂ ਦਾ ਵੀ ਬਾਹਾਂ ਫੈਲਾਅ ਕੇ ਉਨ੍ਹਾਂ ਦਾ ਸੁਆਗਤ ਕੀਤਾ ਸੀ। ਪਿਛਲੇ ਲੰਮੇ ਸਮੇਂ ਤੋਂ ਉਹ ਬਰੈਂਪਟਨ-ਵਾਸੀਆਂ ਲਈ ਸਿਹਤ ਸੇਵਾਵਾਂ, ਡੈਂਟਲ-ਕੇਅਰ, ਨੇਤਰ ਕੇਅਰ ਅਤੇ ਬੱਚਿਆਂ ਲਈ ਸਿੱਖਿਆ ਦੇ ਖ਼ੇਤਰ ਵਿਚ ਸਰਗਰਮੀ ਨਾਲ ਕੰਮ ਕਰ ਰਹੇ ਹਨ। ਉਹ ਲੋੜਵੰਦਾਂ ਦੀ ਮਦਦ ਕਰਦੇ ਹਨ ਜਿਸ ਦੀ ਹਰ ਪਾਸਿਉਂ ਸ਼ਰਾਹਨਾ ਕੀਤੀ ਜਾ ਰਹੀ ਹੈ। ਏਸੇ ਕਾਰਨ ਲੋਕਾਂ ਵਿਚ ਉਨ੍ਹਾਂ ਦੀ ਹਰਮਨ-ਪਿਆਰਤਾ ਵਿਚ ਵੀ ਚੋਖਾ ਵਾਧਾ ਹੋਇਆ ਹੈ। ਈਡਾ ਲੀ ਇਸ ਸਮੇਂ ਆਪਣੇ ਏਰੀਏ ਦੇ ਸਕੂਲ-ਟਰੱਸਟੀ ਹਨ ਅਤੇ ਅਗਲੇ ਸਾਲ ਉਹ ਓਨਟਾਰੀਓ ਪ੍ਰੋਵਿੰਸ਼ੀਅਲ ਪਾਰਲੀਮੈਂਟ ਲਈ ਹੋਣ ਵਾਲੀਆਂ ਚੋਣਾਂ ਵਿਚ ਐੱਮ.ਪੀ.ਪੀ. ਵਜੋਂ ਚੋਣ ਲੜਨ ਦੀ ਇੱਛਾ ਰੱਖਦੇ ਹਨ ਅਤੇ ਇਸ ਦੇ ਲਈ ਉਹ ਹੁਣ ਤੋਂ ਹੀ ਸਰਗਰਮੀ ਨਾਲ ਕੰਮ ਕਰ ਰਹੇ ਹਨ। ਚੋਣ-ਦਫ਼ਤਰ ਦੇ ਉਦਘਾਟਨ ਦੇ ਇਸ ਸ਼ੁਭ ਮੌਕੇ ਬਰੈਂਪਟਨ ਵਿਚ ਵੱਸਦੇ ਸਮਾਜ-ਸੇਵੀ ਤੇ ਦਾਨੀ ਜਨਾਬ ਮਕਸੂਦ ਚੌਧਰੀ, ਹੋਮਿਓਪੈਥੀ ਦੇ ਮਾਹਿਰ ਡਾ. ਮੁਹੰਮਦ ਯੂਸਫ਼, ਅਤੇ ਪੰਜਾਬੀ ਕਮਿਊਨਿਟੀ ਦੀਆਂ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਵਿਦਿਅਕ ਮਾਹਿਰ ਤੇ ਗਾਇਕ ਹਰਜੀਤ ਬਮਰਾ,ਬਲਦੇਵ ਸਿੰਘ, ਆਈ.ਟੀ. ਸਪੈਸ਼ਲਿਸਟ ਮੋਹਨਪ੍ਰੀਤ ਬਮਰਾ, ਬਿਜ਼ਨੈੱਸਮੈਨ ਬਲਦੇਵ ਸਿੰਘ ਤੇ ਕਈ ਹੋਰ ਸ਼ਾਮਲ ਸਨ। ਚੋਣ-ਦਫ਼ਤਰ ਦਾ ਉਦਘਾਟਨ ਲਾਲ ਰਿਬਨ ਕੱਟ ਕੇ ਕੀਤਾ ਗਿਆ ਅਤੇ ਇਸ ਦਾ ਭਰਪੂਰ ਤਾੜੀਆਂ ਨਾਲ ਸੁਆਗਤ ਕੀਤਾ ਗਿਆ। ਉਪਰੰਤ, ਆਪਣੇ ਸੰਬੋਧਨਾਂ ਵਿਚ ਸਾਰਿਆਂ ਨੇ ਈਡਾ ਨੂੰ ਆਪਣੇ ਵੱਲੋਂ ਹਾਰਦਿਕ ਮੁਬਾਰਕਾਂ ਦਿੱਤੀਆਂ ਅਤੇ ਭਵਿੱਖ ਵਿਚ ਉਨ੍ਹਾਂ ਦੀ ਸਫ਼ਲਤਾ ਲਈ ਸ਼ੁਭ-ਇੱਛਾਵਾਂ ਪੇਸ਼ ਕੀਤੀਆਂ। ਸਾਰਿਆਂ ਨੇ ਮਿਲ ਕੇ ਚਾਹ-ਪਾਣੀ ਪੀਤਾ ਅਤੇ ਇਕ-ਦੂਸਰੇ ਕੋਲੋਂ ਰੁਖ਼ਸਤਗੀ ਲਈ।

# ਸ: ਭਗਤ ਸਿੰਘ ਦੇ ਜੀਵਨ ਅਤੇ ਵਿਚਾਰ ਧਾਰਾ ਤੋਂ ਪ੍ਰੇਰਣਾ ਲੈਣ ਦੀ ਲੋੜ





ਹਰਪ੍ਰੀਤ ਸਿੰਘ ਬਰਾੜ

ਭਾਰਤ ਦੇਸ਼ ਦੀ ਧਰਤੀ ਮਾਂ ਨੇ ਜਿੱਥੇ ਮਹਾਨ ਦੇਸ਼ ਭਗਤਾਂ, ਸੁਰਬੀਰਾਂ, ਬਹਾਦਰਾਂ ਅਤੇ ਸਿਰੱਲੱਥ ਯੋਧਿਆਂ ਨੂੰ ਜਨਮ ਦਿੱਤਾ ਹੈ, ਉੱਥੇ ਭਾਰਤ ਦੇਸ਼ ਦੀ ਧਰਤੀ ਮਾਂ ਨੇ ਹੀ ਇੱਕ ਅਜਿਹੇ ਭਾਰਤ ਦੇ ਹੀਰੇ, ਮਹਾਨ ਦੇਸ਼ ਭਗਤ, ਸ਼ਹੀਦਾਂ ਦੇ ਸਿਰਤਾਜ ਸ਼ਹੀਦ -ਏ -ਆਜ਼ਮ ਸ. ਭਗਤ ਸਿੰਘ ਨੂੰ ਵੀ ਜਨਮ ਦਿੱਤਾ, ਜਿਸ ਨੇ ਇਕ ਨਵੇਂ ਇਤਹਾਸ ਦੀ ਸਿਰਜਣਾ ਕਰਕੇ ਇਤਹਾਸ ਦੇ ਸੁਨਹਿਰੀ ਪੰਨਿਆ 'ਤੇ ਦੇਸ਼ ਭਗਤੀ ਦੀ ਮੋਹਰ ਲਗਾ ਦਿੱਤੀ। ਸ਼ਹੀਦ ਕੌਮਾਂ, ਮਜ਼ਬਾਂ, ਜਾਤਾਂ-ਪਾਤਾਂ ਦੀ ਦੀਵਾਰ ਖਤਮ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣ ਕੇ, ਮਾਤਰ ਭੂਮੀ ਦੀ ਖਾਤਰ ਜਾਨਾਂ ਕੁਰਬਾਨ ਕਰਨ ਦਾ ਜਜ਼ਬਾ ਪੈਦਾ ਕਰਕੇ ਇਤਿਹਾਸ ਦਾ ਰੁੱਖ ਬਦਲ ਦਿੰਦੇ ਹਨ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਜੇ ਤੱਕ ਭਾਰਤ ਦੇਸ਼ ਸ਼ਹੀਦ -ਏ -ਆਜ਼ਮ ਸ. ਭਗਤ ਸਿੰਘ ਦੇ ਸੁਪਨਿਆਂ ਦਾ ਉਹ ਅਜਾਦ ਭਾਰਤ ਨਹੀਂ ਬਣ ਸਕਿਆ, ਜਿਸ ਦਾ ਸੁਪਨਾ ਭਗਤ ਸਿੰਘ ਅਤੇ ਉਸ ਦੇ ਇਨਕਲਾਬੀ ਸਾਥੀਆਂ ਨੇ ਦੇਖਿਆ ਸੀ। ਕਿਉਂਕਿ ਦੇਸ਼ ਦੀ ਸੱਤਾ 'ਤੇ ਜਿੰਨੀਆਂ ਵੀ ਸਰਕਾਰਾਂ ਕਾਬਜ਼ ਹੋਈਆਂ ਹਨ, ਉਨ੍ਹਾ ਵੱਲੋਂ ਦੇਸ਼ ਦੇ ਹਰੇਕ ਨਾਗਰਿਕ ਨੂੰ ਹਜੇ ਤੱਕ ਬਰਾਬਰ ਦੇ ਹੱਕ ਪ੍ਰਾਪਤ ਹੀ ਨਹੀਂ ਹੋ ਸਕੇ, ਕਿਉਂਕਿ ਦੇਸ਼ ਦੇ ਹੁਕਮਰਾਨ ਲੋਟੂ ਨਿਜ਼ਾਮ ਵੱਲੋਂ ਸਿਰਫ ਆਪਣੀ ਕੁਰਸੀ ਮੋਹ ਨਾ ਤਿਆਗ ਕੇ ਰਾਜ ਸੱਤਾ ਭੋਗਣ ਤੋਂ ਸਿਵਾਏ ਆਮ ਅਵਾਮ ਦੀਆਂ ਮੁਸ਼ਕਲਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ।

ਅੱਜ ਦੇ ਇਸ ਮਹਿੰਗਾਈ ਭਰੇ ਯੁੱਗ ਅੰਦਰ ਜੋ ਹਾਲਤ ਇਕ ਆਮ ਨਾਗਰਿਕ ਦੀ ਹੋ ਰਹੀ ਹੈ, ਇਸ ਸਭ ਕਾਸੇ ਦੇ ਜਿੰਮੇਵਾਰ ਦੇਸ਼ ਦੇ ਹਾਕਮ ਹੀ ਹਨ। ਕਿਉਂਕਿ ਖਰਾਬੀ ਸਿਸਟਮ ਅੰਦਰ ਹੈ, ਇਹਨਾਂ ਦੀਆਂ ਆਰਥਕ ਅਤੇ ਲੋਕ ਮਾਰੂ ਨੀਤੀਆਂ ਕਰਕੇ ਹੀ ਆਮ ਨਾਗਰਿਕ ਲਈ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਹੋਇਆ ਪਿਆ ਹੈ। ਦੇਸ਼ ਅੰਦਰ ਅਮਨ -ਕਾਨੂੰਨ ਦੀ ਹਾਲਤ ਵੀ ਡਾਂਵਾਡੋਲ ਨਜ਼ਰ ਆ ਰਹੀ ਹੈ। ਅਰਾਜਕਤਾ ਵਰਗਾ ਮਾਹੌਲ ਵਧ ਰਿਹਾ ਹੈ। ਗਰੀਬੀ ਦੇ ਵਧ ਰਹੇ ਦੈਂਤ ਕਰਕੇ ਮਜ਼ਦੂਰ ਵਰਗ, ਗਰੀਬ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਇਆ ਪਿਆ ਹੈ। ਸੱਤਾਧਾਰੀ ਆਗੂ ਫੌਕੇ ਦਾਅਵੇ ਕਰਦੇ ਨਹੀਂ ਥੱਕਦੇ। ਆਖ਼ਿਰ ਖਰਾਬੀ ਕਿੱਥੇ ਹੈ? ਖਰਾਬੀ ਸਿਸਟਮ ਵਿੱਚ ਹੈ, ਸਿਸਟਮ ਸਰਕਾਰਾਂ ਬਣਾਉਂਦੀਆਂ ਹਨ। ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੀਆਂ ਸਰਕਾਰਾਂ ਨੂੰ ਸਿਵਾਏ ਸੱਤਾ ਦੇ ਮੋਹ ਤੋਂ ਕੁਝ ਨਜ਼ਰ ਨਹੀਂ ਆ ਰਿਹਾ।

ਮੈਂ ਸਵਾਲ ਕਰਨਾ ਚਾਹੁੰਦਾ ਹਾਂ ਅੱਜ ਦੇ ਹਾਕਮ ਧਿਰ ਦੇ ਆਗੂਆਂ ਨੂੰ ਕਿ ਕੀ ਭਗਤ ਸਿੰਘ ਨੇ ਅਹਿਜੀ ਅਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਿਆ ਸੀ ? ਅਨੇਕਾਂ ਦੇਸ਼ਭਗਤਾਂ, ਸਿਰਲੱਥ ਯੋਧਿਆਂ ਨੇ ਆਪਣੀ ਜ਼ਿੰਦਗੀ ਦੀਆਂ ਕੁਰਬਾਨੀਆਂ ਇਸ ਕਰਕੇ ਦਿੱਤੀਆਂ ਸਨ ਕਿ ਦੇਸ਼ ਦੇ ਹਰੇਕ ਨਾਗਰਿਕ ਨੂੰ ਬਰਾਬਰ ਦਾ ਹੱਕ ਮਿਲੇ, ਹਰੇਕ ਨਾਗਰਿਕ ਅਜ਼ਾਦੀ ਨਾਲ ਜ਼ਿੰਦਗੀ ਬਸਰ ਕਰ ਸਕੇ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਜ਼ਾਦੀ ਮਿਲਣ ਦਾ ਐਨਾ ਸਮਾਂ ਬੀਤ ਜਾਣ 'ਤੇ ਵੀ ਸਾਡੀਆਂ ਸਰਕਾਰਾਂ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ 'ਚ ਅਸਮਰਥ ਰਹੀਆਂ ਹਨ।ਅੰਗ੍ਰੇਜਾਂ ਤੋਂ ਬਾਅਦ ਦੇਸ਼ ਅੰਦਰ ਲੋਕਤੰਤਰ ਤਾਂ ਕਾਇਮ ਕਰ ਦਿੱਤਾ ਗਿਆ।ਪਰ ਇਹ ਲੋਕਾਂ ਦਾ ਰਾਜ ਨਹੀਂ, ਕਿਉਂਕਿ ਹੱਕ ਮੰਗਣ ਵਾਲੇ ਨਾਗਰਿਕਾਂ ਲਈ ਲੋਕਤੰਤਰ ਕਾਹਦਾ ? ਹੁਕਮਰਾਨ ਸਰਕਾਰਾਂ ਦਾ ਡੰਡਾ ਤੰਤਰ ਜਰੂਰ ਨਜ਼ਰ ਆ ਰਿਹਾ ਹੈ, ਦੇਸ਼ ਅੰਦਰ ਹਾਹਾਕਾਰ ਮੱਚੀ ਹੋਈ ਹੈ, ਬੇਰੋਜਗਾਰੀ, ਭ੍ਰਿਸ਼ਟਾਚਾਰੀ, ਅੱਤ ਦੀ ਮਹਿੰਗਾਈ ਨੇ ਲੋਕਾਂ ਦੇ ਸਾਹ ਸੂਤ ਕੇ ਰੱਖ ਦਿੱਤੇ ਹਨ। ਮਜਬੂਰੀ ਵੱਸ ਹੱਕ ਮੰਗਣ ਵਾਲੇ ਅਧਿਆਪਕਾਂ ਅਤੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਸਤੇ ਚੱਲਣਾ ਪੈ ਰਿਹਾ ਹੈ, ਜੋ ਲੋਕਤੰਤਰ ਦੇ ਮੱਥੇ 'ਤੇ ਕਲੰਕ ਸਾਬਤ ਹੋ ਰਿਹਾ ਹੈ। ਹਰ ਵਰਗ ਦੇ ਕਰਮਚਾਰੀਆਂ ਨੂੰ ਛੱਲੀਆਂ ਵਾਂਗ ਕੁੱਟਿਆ ਜਾ ਰਿਹਾ ਹੈ।ਔਰਤ ਜਾਤੀ ਨੂੰ ਬੁਰੀ ਤਰ੍ਹਾਂ ਮਧੋਲਿਆ ਜਾ ਰਿਹਾ ਹੈ।ਲੁੱਟ ਖੋਹ ਹਰ ਖੇਤਰ ਵਿੱਚ ਹੈ। ਪੈਸੇ ਵਾਲੇ ਦੀ ਜੈ ਜੈਕਾਰ ਹੈ। ਮਜ਼ਦੂਰ ਅਤੇ ਮਿਹਨਤਕਸ਼ ਦੋ ਵੇਲੇ ਦੀ ਰੋਟੀ ਲਈ ਤਰਸ ਰਹੇ ਹਨ। ਗੱਲ ਸ਼ਹੀਦ ਭਗਤ ਸਿੰਘ ਦੀ ਵਿਚਾਰ ਧਾਰਾ ਦੀ ਕਰ ਰਹੇ ਹਾਂ, ਜਿਸ ਨਾਲ ਅੱਜ ਹਰੇਕ ਭਾਰਤੀ ਨਾਗਰਿਕ ਨੂੰ ਜਾਣੂ ਕਰਵਾਉਣ ਦੀ ਵਧੇਰੇ ਲੋੜ ਹੈ। ਭਗਤ ਸਿੰਘ ਦੀ ਵਿਚਾਰ ਧਾਰਾ 'ਚ ਸਮੁੱਚੀ ਮਨੁੱਖੀ ਜਾਤੀ ਦੀ ਮਹਾਨ ਸੇਵਾ ਕਰਨ ਦਾ ਗੁਣ ਹੈ ।

ਜਦੋਂ ਮੌਤ ਦਾ ਡਰ ਤੁਹਾਡੇ ਤੋਂ ਦੂਰ ਹੋ ਜਾਂਦਾ ਹੈ ਜਾਂ ਇੰਝ ਕਹੀਏ ਕਿ ਤੁਸੀਂ ਮੌਤ ਤੋਂ ਉੱਪਰ ਉਠ ਜਾਂਦੇ ਹੋਂ ਉਦੋਂ ਤੁਹਾਡੇ ਦਿਲ ਵਿਚ ਇਕ ਭਗਤ ਸਿੰਘ ਪੈਦਾ ਹੁੰਦਾ ਹੈ। ਇਹ ਉਹ ਹਾਲਾਤ ਹਨ ਜਦੋਂ ਤੁਸੀਂ ਆਪਣੇ ਆਪ ਨੂੰ ਉਸ ਥਾਂ 'ਤੇ ਲਿਆ ਕੇ ਖੜਾ ਕਰ ਦਿੰਨੇ ਹੋਂ, ਜਿੱਥੇ ਡਰ, ਵਿਵਾਦ, ਗੁੱਸਾ, ਮੌਤ ਜਿਹੀਆਂ ਚੀਜਾਂ ਦਾ ਕੋਈ ਵਜੂਦ ਨਹੀਂ ਰਹਿੰਦਾ।

ਕਹਿੰਦੇ ਹਨ ਕਿ ਫਾਂਸੀ ਤੋਂ ਪਹਿਲਾਂ ਦੀ ਰਾਤ ਜੇਲ 'ਚ ਜਦੋਂ ਭਗਤ ਸਿੰਘ ਕਿਤਾਬ ਪੜ੍ਹ ਰਹੇ ਸਨ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਹਾਨੂੰ ਕੱਲ ਦੀ ਥਾਂ ਅੱਜ ਹੀ ਫਾਂਸੀ ਦਿੱਤੀ ਜਾਵੇਗੀ ਤਾਂ ਉਸ ਸਮੇਂ ਭਗਤ ਸਿੰਘ ਨੇ ਕਿਹਾ ਕਿ ਕਿਤਾਬ ਦੇ ਦੋ ਪੰਨੇ ਰਹਿ ਗਏ ਹਨ ,ਜੇਕਰ ਕਹੋਂ ਤਾ ਪੜ੍ਹ ਲਵਾਂ, ਤਾਂ ਸਿਪਾਹੀ ਵੱਲੋਂ ਮਨਾਂ ਕਰਨ 'ਤੇ ਉਨ੍ਹਾਂ ਨੇ ਕਿਹਾ ਕਿ ਚਲੋ ਕੋਈ ਗੱਲ ਨਹੀਂ ਫਿਰ ਕਦੇ ਪੜ੍ਹ ਲਵਾਂਗਾ।ਉਹ ਵੀ ਕਿੰਨੀ ਅਜੀਬ ਕਸ਼ਮਕੱਸ਼ ਦੀ ਘੜੀ ਰਹੀ ਹੋਵੇਗੀ ਜਦੋਂ ਇਕ 23 ਸਾਲਾਂ ਨੌਜੁਆਨ ਮੌਤ ਦਾ ਐਨਾ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਹੋਵੇਗਾ। ਸ਼ਾਇਦ ਹੀ ਅੱਜ ਦੇ ਨੌਜੁਆਨ ਉਸ ਦੇਸ਼ ਭਗਤੀ ਦੀ ਭਾਵਨਾ ਨੂੰ ਮਹਿਸੂਸ ਕਰ ਸਕਣ ।ਕਿਉਂਕਿ ਭਗਤ ਸਿੰਘ ਆਪਣੇ ਦਿਲ ਵਿਚ ਕੀ ਵਿਚਾਰ ਰੱਖਦੇ ਸਨ ਜਾਂ ਉਨ੍ਹਾਂ ਦੇ ਦਿਮਾਗ ਵਿਚ ਕੀ ਚੱਲ ਰਿਹਾ ਹੈ ਉਸ ਨੂੰ ਸਮਝਿਆ ਨਹੀਂ ਜਾ ਸਕਦਾ, ਉਸ ਨੂੰ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਅਤੇ ਉਹ ਸਿਰਫ ਭਗਤ ਸਿੰਘ ਨੇ ਖੁਦ ਹੀ ਮਹਿਸੂਸ ਕੀਤਾ ਹੋਵੇਗਾ, ਕਿਉਂਕਿ ਨਾ ਤਾਂ ਹੁਣ ਉਹ ਹਾਲਾਤ ਹਨ ਅਤੇ ਨਾ ਹੀ ਹੁਣ ਉਹ ਜਜ਼ਬਾ ਹੀ ਬਚਿਆ ਹੈ।

ਉਹ ਕਿਹੋ ਜਿਹਾ ਪੁੱਤਰ ਹੋਵੇਗਾ ਜੋ ਆਪਣੀ ਮੌਤ 'ਤੇ ਆਪਣੀ ਮਾਂ ਨੂੰ ਰੋਣ ਤੋਂ ਰੋਕਦਾ ਹੈ ਅਤੇ ਕਹਿੰਦਾ ਹੈ ਕਿ ਜੇਕਰ ਭਗਤ ਸਿੰਘ ਦੀ ਮਾਂ ਰੋਵੇਗੀ ਤਾਂ ਲੋਕ ਕੀ ਕਹਿਣਗੇ।ਉਹ ਅੱਖਾਂ ਵੀ ਕਿਹੋ ਜਿਹੀਆਂ ਅੱਖਾਂ ਹੋਣਗੀਆਂ ਜਿੰਨ੍ਹਾਂ ਵਿੱਚ ਇਕ ਪਲ ਵੀ ਮੌਤ ਦਾ ਖੌਫ਼ ਨਹੀਂ ਰਿਹਾ।ਕਦੇ -ਕਦੇ ਲੱਗਦਾ ਹੈ ਕਿ ਭਗਤ ਸਿੰਘ ਨਾਸਤਕ ਰਹੇ ਹੋਣਗੇ ਪਰ ਸ਼ਾਇਦ ਮੇਰੀ ਨਜਰ ਵਿੱਚ ਧਾਰਮਕ ਤੋਂ ਵੀ ਕਿਤੇ ਜਿਆਦਾ ਧਾਰਮਕ, ਕਿਉਂ ਕਿ ਉਹ ਉਸ ਸੱਚਾਈ ਨੂੰ ਜਾਣ ਚੁੱਕੇ ਸੀ ਕਿ ਮੌਤ ਅਟੱਲ ਹੈ, ਮੌਤ ਹੀ ਸੱਚ ਹੈ, ਬੱਸ ਤੁਸੀਂ ਤੈਅ ਕਰਨਾ ਹੈ ਕਿ ਤੁਸੀਂ ਉਸ ਵੱਲ ਬੇਖੌਫ ਹੋ ਕੇ ਵਧਦੇ ਹੋਂ ਜਾਂ ਉਹ ਤੁਹਾਨੂੰ ਡਰਾਉਂਦੇ ਹੋਏ ਤੁਹਾਡੇ ਵੱਲ ਵਧਦੀ ਹੈ।

ਇਕ ਵਿਚਾਰ ਵਾਰ -ਵਾਰ ਦਿਮਾਗ ਵਿਚ ਆਉਂਦਾ ਹੈ ਕਿ ਕੀ ਅੱਜ ਦੇ ਨੌਜੁਆਨ ਉਸ ਭਗਤ ਸਿੰਘ ਜਿਹੇ ਹੋ ਸਕਦੇ ਹਨ? 23 ਸਾਲ ਦੀ ਉਮਰ 'ਚ ਜਦੋਂ ਅਸੀਂ ਹੁੰਦੇ ਹਾਂ ਤਾਂ ਸ਼ਾਇਦ ਸਾਡੇ ਸੁਪਨੇ ਹੀ ਕੁਝ ਹੋਰ ਹੁੰਦੇ ਹਨ। ਕਾਲੱਜ ਦਾ ਅਲ੍ਹੜਪਣ ਅਤੇ ਆਸਮਾਨ ਨੂੰ ਛੂਹਣ ਦੀ ਉਹ ਖੁਆਇਸ਼, ਪਰਿੰਦਿਆਂ ਦੇ ਵਾਂਗ ਉੱਡਣ ਦੀ ਉਹ ਚਾਹਤ ਅਤੇ ਸਿਗਰਟ ਦੇ ਧੂੰਏ ਦੇ ਛੱਲੇ ਬਣਾਉਂਦੇ ਨੌਜੁਆਨ ਕੀ ਉਸ ਭਗਤ ਸਿੰਘ ਦੇ ਦਿਲੋ-ਦਿਮਾਗ ਨੂੰ ਸਮਝ ਸਕਦੇ ਹਨ।ਉਹ ਵੀ ਕੀ ਜਨੂੰਨ ਹੋਵਗਾ ਜਦੋਂ ਖੇਡਣ-ਕੁੱਦਣ ਦੀ ਉਮਰ 'ਚ ਉਹ ਅੰਗੇਜਾਂ ਦੀਆਂ ਜਾਂਲਮ ਡਾਂਗਾ ਅਤੇ ਗੋਲੀਆਂ ਨਾਲ ਦੇ ਨਾਲ ਖੇਡਿਆ।ਅੱਜ ਦਾ ਨੌਜੁਆਨ ਉਸ ਅਹਿਸਾਸ ਨੂੰ ਇਸ ਲਈ ਨਹੀਂ ਜਿਉਂ ਸਕਦਾ ਕਿਉਂਕਿ ਹੁਣ ਉਹ ਸੁਣਹਿਰੇ ਅਤੇ ਚੁਣੌਤੀਭਰੇ ਹਾਲਾਤ ਹੀ ਨਹੀਂ ਰਹੇ ਹਨ, ਹੁਣ ਉਹ ਗੁਲਾਮੀ ਦੀਆਂ ਬੇੜੀਆਂ ਨਹੀਂ ਰਹੀਆਂ ਹਨ ਪਰ ਸਵਾਲ ਇਹ ਉੱਠਦਾ ਹੈ ਕਿ ਕੀ ਸੱਚਮੁਚ ਹੁਣ ਸਾਨੂੰ ਇਸ ਪਿਆਰੇ ਵਤਨ ਦੇ ਲਈ ਮਰ -ਮਿਟਣ ਦੀ ਲੋੜ ਨਹੀਂ ਹੈ। ਅੱਜ ਜੇਕਰ ਤੁਸੀਂ ਕਿਸੇ ਨੌਜੁਆਨ ਤੋਂ ਉਸ 23 ਸਾਲ ਦੇ ਅਜਾਦੀ ਦੇ ਦੀਵਾਨੇ ਦੇ ਵਾਂਗ ਗੱਲ ਕਰੋਂਗੇ ਤਾਂ ਸ਼ਇਦ ਉਹ ਤਹੁਾਨੂੰ ਬੇਵਕੂਫ ਜਾਂ ਪਾਗਲ ਸਮਝਣ।ਪਰ ਮੈਨੂੰ ਲੱਗਦਾ ਹੈ ਕਿ ਹੁਣ ਫਿਰ ਜਰੂਰਤ ਹੈ ਉਨ੍ਹਾਂ ਵਿਚਾਰਾਂ , ਜਜ਼ਬੇ, ਹਿੰਮਤ, ਜ਼ਿੱਦ ਅਤੇ ਉਨ੍ਹਾਂ ਬੇਖੌਫ ਅੱਖਾਂ ਦੀ ਜੋ ਭਾਰਤ ਤੋਂ ਇੰਡੀਆ ਬਣਦੇ ਭਾਰਤ ਨੂੰ ਫਿਰ ਭਾਰਤ ਬਣਾ ਸਕਣ।

ਅਸੀਂ ਚੰਦ ਅਤੇ ਮੰਗਲ 'ਤੇ ਪਚੁੰਚ ਗਏ ਹਾਂ ਅਤੇ ਹਰ ਨੌਜੁਆਨ ਦੇ ਹੱਥਾਂ 'ਚ ਮੋਬਾਇਲ ਹੈ ਜਿਸ ਨਾਲ ਉਹ ਸਿਰਫ ਆਪਣੀ ਦੁਨੀਆਂ ਤੱਕ ਸਿਮਟ ਕੇ ਰਹਿ ਗਿਆ ਹੈ ਪਰ ਹੁਣ ਲੱਗਣ ਲੱਗਿਆ ਹੈ ਕਿ ਅੱਜ ਦੇ ਨੌਜੁਆਨ ਦੇ ਹੱਥ 'ਚ ਬਦਲਾਅ ਦੀ ਮਸ਼ਾਲ ਹੋਣੀ ਚਾਹੀਦੀ ਹੈ।ਅਹਿਜੀ ਮਸ਼ਾਲ ਜਿਸਦੀ ਲਾਟ ਅਤੇ ਰੌਸ਼ਨੀ ਭਾਰਤ ਵਿੱਚੋਂ ਭ੍ਰਿਸ਼ਟਾਚਾਰ, ਅੱਤਵਾਦ, ਜਾਤੀਵਾਦ, ਖੇਤਰਵਾਦ, ਭਾਸ਼ਾਵਾਦ ,ਦੂਸ਼ਿਤ ਨੌਕਰਸ਼ਾਹੀ ਅਤੇ ਰਾਜਨੀਤੀ ਦਾ ਖਾਤਮਾ ਕਰਕੇ ਨਵੇਂ ਭਾਰਤ ਦਾ ਨਿਰਮਾਣ ਕਰ ਸਕੇ।

ਅੱਜ ਜਰੂਰਤ ਹੈ ਭਗਤ ਸਿੰਘ ਦੇ ਉਸ ਇੰਕਲਾਬ ਜਿੰਦਾਬਾਦ ਦੇ ਨਾਅਰੇ ਦੀ ਜੋ ਫਿਰ ਤੋ ਨੌਜੁਆਨਾਂ 'ਚ ਪਰਿਵਰਤਨ ਦਾ ਅਹਿਸਾਸ ਭਰੇ, ਜਰੂਰਤ ਹੈ ਅਹਿਜੀਆਂ ਮਾਵਾਂ ਦੀ ਜੋ ਡਾਕਟਰ, ਇੰਜੀਨੀਅਰ, ਵਿਗਿਆਨਕ ਪੁੱਤ ਤਾਂ ਪੈਦਾ ਕਰਨ ਹੀ ਪਰ ਉਨ੍ਹਾਂ ਪੁੱਤਾਂ ਦੇ ਦਿਲ 'ਚ ਇਕ ਭਗਤ ਸਿੰਘ ਵੀ ਪੈਦਾ ਹੋਵੇ।

ਭਾਵੇਂ ਹੀ ਅੱਜ ਦਾ ਨੌਜੁਆਨ ਡਾਕਟਰ, ਇੰਜੀਨੀਅਰ, ਵਿਗਿਆਨਕ ਬਣੇ ਪਰ ਭਗਤ ਸਿੰਘ ਵੀ ਬਣੇ , ਇਹ ਜਰੂਰੀ ਹੋ ਗਿਆ ਹੈ।ਕਿਉਂਕਿ ਅਹਿਜਾ ਨੌਜੁਆਨ ਡਾਕਟਰ, ਇੰਜੀਨੀਅਰ, ਵਿਗਿਆਨਕ, ਅਧਿਆਪਕ, ਵਪਾਰੀ ਕਿਸ ਕੰਮ ਦਾ ਜਿਸ ਦੇ ਦਿਲ ਵਿਚ ਦੇਸ਼ ਅਤੇ ਸਮਾਜ ਦੇ ਲਈ ਪਿਆਰ ਅਤੇ ਦੇਸ਼ਭਗਤੀ ਦੀ ਭਾਵਨਾ ਹੀ ਨਾ ਹੋਵੇ।

ਅੱਜ ਸਮਾਜ ਅਤੇ ਦੇਸ਼ ਦੀ ਸਿੱਖਿਆ ਨੀਤੀ ਸਿਰਫ ਸੂਚਨਾ ਅਤੇ ਜਾਣਕਾਰੀ ਇਕੱਠੀ ਕਰਨ ਵਾਲਾ ਕੰਪਿਊਟਰ ਬੱਚਾ ਤਾਂ ਤਿਆਰ ਕਰ ਰਹੀ ਹੈ ਪਰ ਸਮਾਜ ਅਤੇ ਦੇਸ਼ ਦੇ ਕਲਿਆਣ ਦੀ ਭਾਵਨਾ ਰੱਖਣ ਵਾਲੇ ਦਿਲ, ਦਿਮਾਗ ਅਤੇ ਨੌਜੁਆਨ ਤਿਆਰ ਨਹੀਂ ਕਰ ਰਹੀ ਹੈ। ਇਹੀ ਸਮੱਸਿਆ ਬਣਦੀ ਜਾ ਰਹੀ ਹੈ ਕਿ ਸਿੱਖਿਅਤ ਅਤੇ ਪੜ੍ਹੇ -ਲਿਖੇ ਲੋਕਾਂ ਦੀ ਗਿਣਤੀ ਤਾਂ ਵਧਦੀ ਜਾ ਰਹੀ ਹੈ ,ਪਰ ਅਨੁਸ਼ਾਸਨਹੀਣ, ਸਵਾਰਥੀ ਅਤੇ ਸਿਰਫ ਆਪਣੇ ਬਾਰੇ ਸੋਚਣ ਵਾਲੇ ਪੜ੍ਹੇ -ਲਿਖੇ ਨੌਜੁਆਨਾ ਨਾਲ ਦੇਸ਼ ਅਤੇ ਸਮਾਜ ਦਾ ਨਿਰਮਾਣ ਕਿਸ ਤਰ੍ਹਾਂ ਹੋਵੇਗਾ ।

ਜਾਤਿ, ਧਰਮ, ਬਰਾਦਰੀ, ਵਰਗ, ਭਾਸ਼ਾ, ਖੇਤਰ ਦੇ ਅਧਾਰ 'ਤੇ ਵੰਡਿਆ ਹੋਇਆ ਨੌਜੁਆਨ ਜਿਸਦੇ ਖੁਦ ਦੇ ਕੋਈ ਵਿਚਾਰ ਨਹੀਂ ਹਨ ਜੋ ਕਿਸੇ ਵੀ ਧਾਰਮਕ, ਰਾਜਨੀਤਿਕ ਜਾਂ ਸਮਾਜਿਕ ਨੇਤਾ ਦੇ ਵਿਚਾਰਾਂ ਦੇ ਪਿੱਛੇ ਲੱਗ ਜਾਂਦਾ ਹੈ ਉਹ ਭਲਾਂ ਦੇਸ਼ ਅਤੇ ਸਮਾਜ ਦਾ ਨਿਰਮਾਣ ਕਿਵੇਂ ਕਰੇਗਾ। ਇਹ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਅੱਜ ਦੇ ਨੌਜੁਆਨ ਕੋਲ ਆਪਣੀ ਜਿੰਦਗੀ ਤੋਂ ਉੱਪਰ ਉੱਠ ਕੇ ਦੇਸ਼ ਅਤੇ ਸਮਾਜ ਬਾਰੇ ਚਿੰਤਨ ਕਰਨ ਦਾ ਸਮਾਂ ਹੀ ਨਹੀਂ ਹੈ ਉਸਦੀ ਦੌੜ ਤਾਂ ਬੱਸ ਸਿਰਫ ਨੰਬਰ ਹਾਸਲ ਕਰਨਾ, ਜਿਆਦਾ ਵੱਡੀ ਗੱਡੀ, ਮਹਿੰਗੇ ਮੋਬਾਇਲ, ਵੱਡੇ ਘਰ ਅਤੇ ਜਿਆਦਾ ਤੋਂ ਜਿਆਦਾ ਸਹੂਲਤਾਵਾਂ ਦੀ ਹੀ ਹੈ, ਜਿਸ ਨੇ ਬੱਸ ਅੱਗੇ ਤੋਂ ਅੱਗੇ ਹੀ ਨਿਕਲਣਾ ਹੈ, ਪਰ ਮੰਜਿਲ ਕੀ ਹੈ ਇਸ ਦਾ ਅਹਿਸਾਸ ਹੀ ਨਹੀਂ ਹੈ।

ਵਿਚਾਰ ਕਰਨ ਵਾਲੀ ਗੱਲ ਹੈ ਕਿ ਭਾਰਤ ਅਹਿਜੀ ਆਬਾਦੀ ਦਾ ਕਰੇਗਾ ਕੀ? ਅਤੇ ਭਾਰਤ ਦਾ ਭਵਿੱਖ ਕੀ ਹੋਵੇਗਾ ? ਮੁਆਫ ਕਰਿਓ ਪਰ ਸ਼ਾਇਦ ਅਸੀਂ ਮੁੜ ਗੁਲਾਮੀ ਦੇ ਵੱਲ ਜਾ ਰਹੇ ਹਾਂ।ਹਾਂ ਪਰ ਇਸ ਵਾਰ ਤਨ ਤੋਂ ਨਹੀਂ ਮਨ ਤੋਂ, ਵਿਚਾਰਾਂ ਤੋਂ ਜਰੂਰ ਗੁਲਾਮ ਹੁੰਦੇ ਜਾ ਰਹੇ ਹਾਂ।

ਉਸ ਸਮੇਂ ਦੇਸ਼ ਦੀ ਗੁਲਾਮੀ ਦੀਆਂ ਬੇੜੀਆਂ ਤਾਂ ਸਾਡੇ ਮਹਾਨ ਕ੍ਰਾਂਤੀਕਾਰੀਆਂ ਨੇ ਕੱਟ ਸੁੱਟੀਆਂ ਸਨ ਪਰ ਸ਼ਾਇਦ ਅੱਜ ਦਾ ਨੌਜੁਆਨ ਇਹਨਾਂ ਮਨ ਦੀ ਗੁਲਾਮੀ ਦੀਆਂ ਬੇੜੀਆਂ ਨੂੰ ਨਹੀਂ ਤੋੜ ਪਾਵੇਗਾ।

ਇਸ ਲਈ ਅੱਜ ਦਾ ਨੌਜੁਆਨ ਭਗਤ ਸਿੰਘ ਭਾਵੇਂ ਬਣੇ ਨਾ ਬਣੇ ਪਰ ਉਹ ਭਗਤ ਸਿੰਘ ਦੇ ਵਿਚਾਰਾਂ , ਉਸ ਦੇ ਜਜ਼ਬੇ, ਭਾਵਨਾਂਵਾ ਉਸ ਦੀ ਜ਼ਿੱਦ ਦੀ ਮਸ਼ਾਲ ਨੂੰ ਆਪਣੇ ਦਿਲ ਵਿੱਚ ਜਰੂਰ ਰੌਸ਼ਨਾ ਕੇ ਰੱਖੇ ਤਾਂ ਕਿ ਭਾਰਤ ਦੇ ਸੋਹਣੇ ਅਤੇ ਖੁਸ਼ਹਾਲ ਭਵਿੱਖ ਦਾ ਨਿਰਮਾਣ ਕੀਤਾ ਜਾ ਸਕੇ।

# ਇਨਕਲਾਬੀ ਸੋਚ ਦਾ ਮਾਲਕ 'ਸ਼ਹੀਦ-ਏ-ਆਜ਼ਮ ਭਗਤ ਸਿੰਘ'

"ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ ਖ਼ੁਸ਼ਬੂ-ਏ-ਵਤਨ ਆਏਗੀ।"





ਗੁਰਸੇਵਕ ਰੰਧਾਵਾ
ਮੋ: 94636-80877
ਪਟਿਆਲਾ।

ਭਾਰਤ ਨੇ ਇਕ ਲੰਮਾ ਸਮਾਂ ਗੁਲਾਮੀ ਦੀਆਂ ਬੇੜੀਆਂ ਪਾ ਕੇ ਹੰਢਾਇਆ ਹੈ। ਇਹਨਾ ਬੇੜੀਆਂ ਨੂੰ ਤੋੜਣ ਲਈ ਲੱਖਾਂ ਯੋਧਿਆਂ, ਸੁਰਵੀਰਾਂ ਨੇ ਆਪਣੀਆਂ ਜਾਨਾ ਵਾਰ ਦਿੱਤੀਆਂ। ਉਨ੍ਹਾਂ ਵਿੱਚੋਂ ਇੱਕ ਨਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜੁੜਦਾ ਹੈ ਜੋ ਰਹਿੰਦੀ ਦੁਨੀਆਂ ਤੱਕ ਇਤਿਹਾਸ ਵਿੱਚ ਅਮਰ ਰਹੇਗਾ। ਅੰਗਰੇਜ਼ ਹਕੂਮਤ ਦੇ ਨੱਕ ਵਿੱਚ ਦਮ ਕਰਨ ਵਾਲੇ ਸ੍ਰ. ਭਗਤ ਸਿੰਘ ਨੂੰ 23 ਮਾਰਚ 1931 ਨੂੰ ਉਨ੍ਹਾਂ ਦੇ ਸਾਥੀਆਂ, ਰਾਜਗੁਰੂ ਅਤੇ ਸੁਖਦੇਵ ਸਮੇਤ ਫ਼ਾਂਸੀ ਤੇ ਲਟਕਾ ਦਿੱਤਾ ਗਿਆ ਸੀ। ਇਸ ਯੋਧੇ ਦਾ ਜਨਮ 28 ਸਤੰਬਰ 1907 ਵਿੱਚ ਪਿਤਾ ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ ਚੱਕ ਨੰਬਰ 105 ਬੰਗਾ ਜਿਲ੍ਹਾ ਲਾਇਲਪੁਰ (ਅਜ਼ਾਦੀ ਤੋਂ ਪਹਿਲਾ ਪੰਜਾਬ) ਪਾਕਿਸਤਾਨ ਵਿਚ ਹੋਇਆ ਸੀ। ਭਗਤ ਸਿੰਘ ਦਾ ਪਰਿਵਾਰ ਇਨਕਲਾਬੀ ਸੋਚ ਵਾਲਾ ਸੀ। ਇਨ-ਕਲਾਬ ਦੀ ਗੁੜ੍ਹਤੀ ਉਸ ਨੂੰ ਪਰਿਵਾਰ ਵਿੱਚੋਂ ਹੀ ਮਿਲੀ ਸੀ। ਉਸ ਦੇ ਦਾਦੇ ਸ੍ਰ. ਅਰਜਨ ਸਿੰਘ ਨੇ 19ਵੀਂ ਸਦੀ ਵਿੱਚ ਚੱਲੀਆਂ ਧਾਰਮਿਕ ਤੇ ਸਮਾਜਕ ਪੁਨਰ ਜਾਗ੍ਰਤੀ ਦੀਆਂ ਲਹਿਰਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਸੀ। ਉਸ ਦਾ ਪਿਤਾ ਸ੍ਰ. ਕਿਸ਼ਨ ਸਿੰਘ ਜੋ ਕਿ ਕਾਂਗਰਸ ਦਾ ਸਰਗਰਮ ਮੈਂਬਰ ਸੀ। ਭਗਤ ਸਿੰਘ ਦਾ ਚਾਚਾ ਅਜੀਤ ਸਿੰਘ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਸੀ। ਉਨ੍ਹਾਂ ਦੀ ਅਗਵਾਈ ਹੇਠ "ਪੱਗੜੀ ਸੰਭਾਲ ਜੱਟਾ" ਨਾਂ ਦੀ ਲਹਿਰ ਚੱਲ ਰਹੀ ਸੀ। ਇਸ ਲਹਿਰ ਦੀ ਚੜ੍ਹਾਈ ਹੁੰਦਿਆਂ ਵੇਖ ਅੰਗਰੇਜ਼ੀ ਸਰਕਾਰ ਬੋਖ਼ਲਾ ਗਈ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ 2 ਜੂਨ 1907 ਨੂੰ ਕਾਲੇ ਪਾਣੀ ਦੀ ਸਜਾ ਲਈ ਰੰਗੂਨ ਭੇਜ ਦਿੱਤਾ ਗਿਆ। ਅੰਤ ਉਹ ਡਲਹੌਜੀ ਵਿਖੇ ਆਜ਼ਾਦੀ ਵਾਲੇ ਦਿਨ ਚੱਲ ਵਸੇ। ਅਜਿਹੇ ਅਣਖੀਲੇ ਸੰਗਰਾਮੀਆਂ ਦੇ ਪਰਿਵਾਰ ਵਿੱਚੋਂ ਇਨਕਲਾਬ ਦੀ ਪਾਹੁਲ ਭਗਤ ਸਿੰਘ ਨੂੰ ਬਚਪਨ ਵਿੱਚ ਹੀ ਮਿਲ ਗਈ ਸੀ। ਭਗਤ ਸਿੰਘ ਸ਼ਹੀਦ ਕਰਤਾਰ ਸਿੰਘ ਸਰਾਭੇ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਹਨਾ ਨੂੰ ਆਪਣਾ ਗੁਰੂ ਮੰਨਦੇ ਸਨ। ਇਕ ਦੋ ਵਾਰ ਕਰਤਾਰ ਸਿੰਘ ਉਹਨਾ ਦੇ ਘਰ ਵੀ ਆਏ ਸਨ। ਕਰਤਾਰ ਸਿੰਘ ਦੀ ਸ਼ਹੀਦੀ ਨੇ ਭਗਤ ਸਿੰਘ ਦੇ ਮਨ ਤੇ ਇਕ ਡੂੰਘੀ ਛਾਪ ਛੱਡ ਦਿੱਤੀ।

13 ਅਪਰੈਲ, 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ 'ਤੇ ਗਹਿਰਾ ਪ੍ਰਭਾਵ ਪਿਆ। ਇਸ ਘਟਨਾ ਨਾਲ ਪੂਰਾ ਹਿੰ-ਦੁਸਤਾਨ ਕੰਬ ਉਠਿਆ। ਦੇਸ਼ ਭਰ ਵਿੱਚ ਕ੍ਰਾਂਤੀ ਦੀ ਅੱਗ ਭੜਕ ਗਈ। ਰੌਲਟ ਐਕਟ ਦੇ ਵਿਰੋਧ ਵਿੱਚ ਇਕੱਤਰ ਹੋਏ ਦੇਸ਼ ਵਾਸੀ ਜਲ੍ਹਿਆਂਵਾਲੇ ਬਾਗ ਵਿੱਚ ਸਭਾ ਕਰ ਰਹੇ ਸੀ ਅਤੇ ਜਨਰਲ ਡਾਇਰ ਦੇ ਹੁਕਮਾਂ ਤਹਿਤ ਨਿਹੱਥੇ ਲੋਕਾਂ ਨੂੰ ਗੋਲ਼ੀਆਂ ਨਾਲ ਭੁੰਨ ਦਿੱਤਾ ਗਿਆ। ਉਸ ਸਮੇਂ ਭਗਤ ਸਿੰਘ ਦੀ ਉਮਰ 12 ਸਾਲ ਸੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਜਲ੍ਹਿਆਂਵਾਲੇ ਬਾਗ ਦੀ ਖ਼ੂਨ ਨਾਲ ਲਥਪਥ ਧਰਤੀ ਦੀ ਸਹੁੰ ਖਾਧੀ ਸੀ ਕਿ ਅੰਗਰੇਜ਼ ਹਕੂਮਤ ਦੀ ਉਹ ਇੱਟ ਨਾਲ ਇੱਟ ਖੜਕਾ ਦੇਵੇਗਾ ਅਤੇ ਭਾਰਤ ਦੇਸ਼ ਨੂੰ ਬਰਤਾਨਵੀ ਰਾਜ ਤੋਂ ਆਜ਼ਾਦ ਕਰਵਾਵੇਗਾ। ਇਸ ਮਕਸਦ ਲਈ ਉਨ੍ਹਾਂ ਨੈਸ਼ਨਲ ਕਾਲਜ ਦੀ ਪੜ੍ਹਾਈ ਛੱਡ ਕੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ ਅਤੇ ਇਸ ਲਹਿਰ ਵਿੱਚ ਸਰਗਰਮ ਹੋਣ ਦਾ ਫੈਸਲਾ ਕਰ ਲਿਆ। ਭਗਤ ਸਿੰਘ ਨੂੰ ਇਨਕਲਾਬੀ ਸਾਹਿਤ ਨਾਲ ਸਬੰਧਤ ਕਿਤਾਬਾਂ ਪੜ੍ਹਨ ਦੀ ਰੁਚੀ ਸੀ। ਉਨ੍ਹਾਂ ਦੀ ਨਿੱਜੀ ਲਾਇਬਰੇਰੀ ਇਨਕਲਾਬੀ ਸਾਹਿਤ ਨਾਲ ਭਰੀ ਹੋਈ ਸੀ। ਭਗਤ ਸਿੰਘ ਦਾ ਮੇਲ ਉਸ ਸਮੇਂ ਬੀ.ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈ ਦੇਵ ਕਪੂਰ, ਸ਼ਿਵ ਵਰਮਾ, ਵਿਜੇ ਕੁਮਾਰ ਸਿਨਹਾ ਆਦਿ ਇਨਕਲਾਬੀਆਂ ਨਾਲ ਹੋਇਆ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਭਗਤ ਸਿੰਘ ਦੇ ਮਾਤਾ-ਪਿਤਾ ਅਤੇ ਪਰਿਵਾਰ ਵਾਲੇ ਉਨ੍ਹਾਂ 'ਤੇ ਵਿਆਹ ਲਈ ਦਬਾਅ ਪਾਉਣ ਲੱਗੇ। ਪਰ ਭਗਤ ਸਿੰਘ ਤੇ ਇਨ੍ਹਾਂ ਦਬਾਵਾਂ ਦਾ ਕੋਈ ਅਸਰ ਨਹੀਂ ਹੋਇਆ ਸਿੱਟੇ ਵਜੋਂ ਉਨ੍ਹਾਂ ਨੇ ਘਰ ਹੀ ਛੱਡ ਦਿੱਤਾ। ਕਿਉਂਕਿ ਉਨ੍ਹਾਂ ਦਾ ਅਸਲ ਮਕਸਦ ਦੇਸ਼ ਨੂੰ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਾਉਣਾ ਸੀ।

1928 ਵਿਚ ਸ੍ਰ. ਭਗਤ ਸਿੰਘ ਨੇ ਹਿੰਦੋਸਤਾਨ ਰੀਪਬਲੀਕਨ ਐਸੋਸੀਏਸ਼ਨ ਨਾਲ ਮਿਲ ਕੇ ਅੰਗ੍ਰੇਜ਼ ਸਰਕਾਰ ਖਿਲਾਫ ਕ੍ਰਾਂਤੀਕਾਰੀ ਗਤੀਵਿਧੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਸ ਤੋਂ ਬਾਅਦ ਉਹਨਾ ਦਾ ਨਾਮ ਦੁਨੀਆਂ ਭਰ ਦੇ ਕ੍ਰਾਂਤੀਕਾਰੀਆਂ ਦੀ ਜੁਬਾਨ ਤੇ ਚੜ੍ਹ ਗਿਆ ਸੀ। ਫਿਰ 1928 ਵਿਚ ਸੱਤ ਮੈਂਬਰੀ ਸਾਇਮਨ ਕਮੀਸ਼ਨ ਭਾਰਤ ਆਇਆ। 30 ਅਕਤੂਬਰ ਨੂੰ ਜਦੋਂ ਇਹ ਲਾਹੌਰ ਪੁੱਜਾ ਤਾਂ ਅੰਗ੍ਰੇਜ਼ ਸਰਕਾਰ ਖਿਲਾਫ਼ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਨੇ ਭਗਤ ਸਿੰਘ ਤੇ ਹੋਰ ਸਾਥੀਆਂ ਸਮੇਤ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ ਅਤੇ ਸਾਈਮਨ ਕਮੀਸ਼ਨ ਵਾਪਸ ਜਾਓ ਦੇ ਨਾਅਰੇ ਵੀ ਲਗਾਏ ਗਏ ਤਾਂ ਐੱਸ.ਐੱਸ.ਪੀ ਸਕਾਟ ਨੇ ਇਸ ਭੀੜ ਤੇ ਡਾਂਗਾਂ ਵਰਸਾਈਆਂ ਜਿਸ ਵਿਚ ਲਾਲਾ ਲਾਜਪਤ ਰਾਏ ਜੀ ਗੰਭੀਰ ਰੂਪ ਵਿਚ ਜਖਮੀ ਹੋਏ ਅਤੇ ਅੰਤ 17 ਨੰਵਬਰ 1928 ਨੂੰ ਸਵਰਗਵਾਸ ਹੋ ਗਏ। ਇਸ ਪਿੱਛੋਂ ਭਗਤ ਸਿੰਘ ਨੇ ਪਹਿਲਾਂ ਲਾਹੌਰ ਵਿੱਚ ਸਕਾਟ ਦੀ ਥਾਂ ਸਾਂਡਰਸ ਦਾ ਕਤਲ ਕੀਤਾ ਤੇ ਫਿਰ ਦਿੱਲੀ ਦੀ ਸੈਂਟਰਲ ਅਸੈਂਬਲੀ ਵਿੱਚ ਬਟੁਕੇਸ਼ਵਰ ਦੱਤ ਨਾਲ ਬੰਬ ਧਮਾਕਾ ਕੀਤਾ, ਇਸ ਧਮਾਕੇ ਦਾ ਮਕਸਦ ਕੋਈ ਨੁਕਸਾਨ ਕਰਨਾ ਨਹੀਂ ਸੀ ਸਗੋਂ ਅੰਗਰੇਜ਼ ਸਰਕਾਰ ਵਿੱਚ ਡਰ ਦਾ ਮਹੌਲ ਪੈਦਾ ਕਰਨਾ ਸੀ। ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਇਨਕਲਾਬ ਜ਼ਿੰਦਾਬਾਦ ਦਾ ਨਾਅਰੇ ਲਗਾਉਂਦਿਆਂ ਗ੍ਰਿਫ਼ਤਾਰੀ ਦੇ ਦਿੱਤੀ। ਦੋਵਾਂ ਖਿਲਾਫ ਸੈਂਟਰਲ ਅਸੈਂਬਲੀ ਵਿੱਚ ਬੰਬ ਸੁੱਟਣ ਸਬੰਧੀ ਕੇਸ ਚੱਲਿਆ। ਸੁਖਦੇਵ ਤੇ ਰਾਜਗੁਰੂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। 7 ਅਕਤੂਬਰ 1930 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਦਾ ਫੈਸਲਾ ਸੁਣਾਇਆ ਗਿਆ ਜਦਕਿ ਬਟੁਕੇਸ਼ਵਰ ਦੱਤ ਨੂੰ ਉਮਰ ਕੈਦ ਦੀ ਸਜਾ ਹੋਈ। ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬੇਹੱਦ ਸ਼ੌਕ ਸੀ। ਉਨ੍ਹਾਂ ਨੇ ਜੇਲ੍ਹ ਦਾ ਆਖਰੀ ਵੇਲਾ ਵੀ ਲੈਨਿਨ ਦੀ ਕਿਤਾਬ 'ਰੈਵਾਲਿਊਸ਼ਨਰੀ ਲੈਨਿਨ' ਪੜ੍ਹਦੇ ਹੀ ਬਿਤਾਇਆ। ਕਿਉਂਕਿ ਉਨ੍ਹਾਂ ਤੇ ਲੈਨਿਨ ਦੇ ਸ਼ਬਦਾਂ ਜਿਆਦਾ ਪ੍ਰਭਾਵ ਸੀ।

ਅੰਤ ਅੰਗਰੇਜ਼ ਸਰਕਾਰ ਨੇ ਇੱਕ ਦਿੱਨ ਪਹਿਲਾਂ ਹੀ 23 ਮਾਰਚ 1931 ਨੂੰ ਇਸ ਕ੍ਰਾਂਤੀਕਾਰੀ ਯੋਧੇ ਭਗਤ ਸਿੰਘ ਅਤੇ ਦੋ ਸਾਥੀਆਂ ਰਾਜਗੁਰੂ, ਸੁਖਦੇਵ ਨੂੰ ਫ਼ਾਂਸੀ ਤੇ ਲਟਕਾ ਦਿੱਤਾ ਗਿਆ। ਅੰਗਰੇਜ਼ ਸਰਕਾਰ ਨੇ ਲਾਸ਼ਾ ਵਾਰਸਾਂ ਦੇ ਹਵਾਲੇ ਕਰਨ ਦੀ ਥਾਂ ਜੇਲ੍ਹ ਦੇ ਪਿਛਲੇ ਰਸਤਿਉਂ ਬੋਰੀਆਂ ਵਿਚ ਪਾ ਕੇ ਫਿਰੋਜ਼ਪੁਰ ਵੱਲ ਲੈ ਗਏ ਅਤੇ ਸਤਲੁਜ ਦੇ ਕੰਢੇ ਮਿੱਟੀ ਦਾ ਤੇਲ ਪਾ ਕੇ ਵੱਢੀਆਂ ਟੁੱਕੀਆਂ ਲਾਸ਼ਾਂ ਦਾ ਦਾਹ ਸੰਸਕਾਰ ਕੀਤਾ ਗਿਆ। ਪਿੰਡ ਦੇ ਲੋਕ ਜਦੋਂ ਘਟਨਾ ਸਥਾਨ ਤੇ ਪਹੁੰਚੇ ਤਾਂ ਡਰਦੇ ਮਾਰੇ ਅੰਗਰੇਜ਼ ਸੈਨਿਕਾਂ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਅੱਧ ਸੜੀਆਂ ਲਾਸ਼ਾਂ ਨੂੰ ਸਤਲੁਜ ਨਦੀ ਵਿੱਚ ਸੁੱਟ ਦਿੱਤਾ ਅਤੇ ਆਪ ਉਥੋਂ ਭੱਜ ਗਏ। ਪਿੰਡ ਵਾਲਿਆਂ ਨੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਵਿਧੀਵਤ ਢੰਗ ਨਾਲ ਦਾਹ ਸੰਸਕਾਰ ਕੀਤਾ। ਭਗਤ ਸਿੰਘ ਹਮੇਸ਼ਾ ਲਈ ਅਮਰ ਹੋ ਗਏ। ਸਾਡੇ ਅਸਲ ਨਾਇਕ ਤਾਂ ਇਹ ਸ਼ਹੀਦ ਹਨ ਜਿਨ੍ਹਾਂ ਨੇ ਆਪਣੀ ਜਾਨਾਂ ਦੀ ਪਰਵਾਹ ਨਾ ਕਰਦਿਆਂ ਆਪਣਾ ਸਾਰਾ ਜੀਵਨ ਦੇਸ਼ ਦੀ ਅਜ਼ਾਦੀ ਲਈ ਵਾਰ ਦਿੱਤਾ ਇਨ੍ਹਾਂ ਸ਼ਹੀਦਾਂ ਦੀਆਂ ਜੀਵਨੀਆਂ ਪੜ੍ਹ ਕੇ ਸਾਨੂੰ ਜਿੱਥੇ ਮਹਾਨ ਸੂਰਮਿਆਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੈ। ਉਥੇ ਹੀ ਆਪਣੇ ਮਹਾਨ ਇਤਿਹਾਸ ਅਤੇ ਕੀਮਤੀ ਵਿਰਸੇ ਨੂੰ ਸਾਂਭਣ, ਜਾਣਣ ਦਾ ਸੁਨੇਹਾ ਵੀ ਮਿਲਦਾ ਹੈ। ਅਜੋਕੇ ਸਮੇਂ ਲੋੜ ਹੈ ਪੰਜਾਬ ਦੇ ਨੋਜਵਾਨਾਂ ਨੂੰ ਭਗਤ ਸਿੰਘ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਤੇ ਨਸ਼ਿਆਂ ਵਰਗੇ ਕੋਹੜ ਅਤੇ ਹੋਰ ਆ ਰਹੀਆਂ ਦੇਸ਼ ਵਿੱਚ ਦਰਪੇਸ਼ ਸਮੱਸਿਆਵਾਂ ਦਾ ਮਿਲਜੁਲ ਕੇ ਮੁਕਾ-ਬਲਾ ਕਰਨ ਦੀ।

# 'ਸ਼ਹੀਦ - ਏ - ਆਜ਼ਮ' ਸਰਦਾਰ ਭਗਤ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ



'ਸ਼ਹੀਦ - ਏ - ਆਜ਼ਮ ' ਸਰਦਾਰ ਭਗਤ ਸਿੰਘ ਜੀ ਮਹਾਨ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਮਾਲਿਕ , ਤਰਕਸ਼ੀਲ ਸੋਚ ਦੇ ਧਾਰਨੀ , ਸਮਾਜਿਕ ਤੇ ਆਰਥਿਕ ਇਕਸਾਰਤਾ ਤੇ ਆਜ਼ਾਦੀ ਦੇ ਪ੍ਰਚਾਰਕ , ਕਰਮਸ਼ੀਲ ਤੇ ਯੁੱਗ - ਪਲਟਾਊ ਯੋਧੇ ਸਨ। ਉਨ੍ਹਾਂ ਨੇ ਜਿਸ ਆਜ਼ਾਦ ਦੇਸ਼ ਦਾ ਸੁਪਨਾ ਲਿਆ ਸੀ , ਉਸ ਵਿੱਚ ਸਾਰੇ ਮਹਾਨ ਵਿਗਿਆਨੀਆਂ , ਤਕਨੀਕ , ਖੋਜਾਂ , ਫ਼ੌਜੀ ਵੀਰਾਂ , ਮਹਾਨ ਅਧਿਆਪਕਾਂ , ਸਿੱਖਿਆ ਸ਼ਾਸਤਰੀਆਂ , ਕਿਸਾਨ ਵੀਰਾਂ ਅਤੇ ਨੀਤੀ - ਘਾੜਿਆਂ ਤੇ ਰਾਜਨੇਤਾਵਾਂ ਨੇ ਕਾਫੀ ਯੋਗਦਾਨ ਪਾ ਕੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ 'ਤੇ ਤੋਰਿਆ ਅਤੇ ਸਾਡੀ ਸਭ ਦੀ ਖੁਸ਼ਹਾਲੀ ਦੇ ਲਈ ਸਿਰ ਤੋੜ ਯਤਨ ਕੀਤੇ , ਜੋ ਕਿ ਅੱਜ ਸਾਡੇ ਸਾਹ-ਮਣੇ ਹੀ ਹੈ।ਭਾਵੇਂ ਕਿ ਆਜ਼ਾਦੀ ਤੋਂ ਬਾਅਦ ਸੱਚਮੁਚ ਹੀ ਸਾਡੇ ਦੇਸ਼ ਨੇ ਅਤੇ ਇੱਥੋਂ ਦੇ ਅਵਾਮ ਨੇ ਬਹੁਤ ਤਰੱਕੀ ਕੀਤੀ , ਪਰ ਅੱਜ ਵੀ ਸਾਡੇ ਸਮਾਜ ਅਤੇ ਲੋਕਾਂ ਨੂੰ ਕਈ ਸੁਧਾਰਕ ਕਦਮ ਚੁੱਕਣੇ ਜ਼ਰੂਰੀ ਬਣਦੇ ਹਨ। ਤਦ ਹੀ 23 ਮਾਰਚ ਨੂੰ ਸਾਡੇ ਵੱਲੋਂ ਸ਼ਹੀਦ - ਏ - ਆਜ਼ਮ ਸਰਦਾਰ ਭਗਤ ਸਿੰਘ ਜੀ , ਸ਼ਹੀਦ ਰਾਜਗੁਰੂ ਜੀ ਅਤੇ ਸ਼ਹੀਦ ਸੁਖਦੇਵ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਆਓ ! ਅਸੀਂ ਸਾਰੇ 23 ਮਾਰਚ ਨੂੰ ਇਹ ਪ੍ਰਣ ਕਰੀਏ ਕਿ ਰੂੜੀਵਾਦੀ , ਅੰਧ ਵਿਸ਼ਵਾਸੀ ਅਤੇ ਸੰਕੀਰਣ ਸੋਚ ਦਾ ਤਿਆਗ ਕਰੀਏ, ਜਾਤ - ਪਾਤ , ਊਚ - ਨੀਚ , ਅਮੀਰ - ਗ਼ਰੀਬ ਦੇ ਵਿਤਕਰੇ ਦੀ ਗੱਲ ਨੂੰ ਮਨੋ ਵਿਸਾਰੀਏ , ਨਰੋਆ ਸਮਾਜ ਸਿਰਜਣ ਲਈ ਭਾਈਚਾਰਕ ਸਾਂਝੀਵਾਲਤਾ ਤੇ ਆਪਸੀ ਮਿਲਵਰਤਨ ਦੀ ਭਾਵਨਾ ਨੂੰ ਮਜ਼ਬੂਤ ਕਰੀਏ , ਗਰੀਬਾਂ , ਬੇਸਹਾਰਿਆਂ , ਲੋੜਵੰਦਾਂ , ਬਜ਼ੁਰਗਾਂ ਦੀ ਯੋਗ ਅਤੇ ਯਥਾ ਸੰਭਵ ਮਦਦ ਅਤੇ ਸਹਿਯੋਗ ਕਰੀਏ ਤੇ ਅਗਵਾਈ ਕਰੀਏ , ਆਪਣੇ ਕਰ/ ਟੈਕਸ ਪੂਰੀ ਇਮਾਨਦਾਰੀ ਨਾਲ ਭਰੀਏ ਤਾਂ ਜੋ ਦੇਸ਼ ਤਰੱਕੀ ਕਰ ਸਕੇ। ਸਾਨੂੰ ਚਾਹੀਦਾ ਹੈ ਕਿ ਅਸੀਂ ਸਭ ਦੇਸ਼ ਵਿਰੋਧੀ ਕੋਈ ਕੰਮ ਨਾ ਕਰੀਏ ਅਤੇ ਨਸ਼ਿਆਂ ਦਾ ਸੇਵਨ ਨਾ ਕਰਕੇ ਸਿਹਤਮੰਦ ਰਹੀਏ ਅਤੇ ਨਰੋਆ ਸਮਾਜ ਸਿਰਜੀਏ । ਆਪਣਾ ਕੰਮ ਹੱਥੀਂ ਆਪ ਕਰਨਾ ਅਤੇ ਸਮੇਂ ਦੇ ਇੱਕ - ਇੱਕ ਮਿੰਟ ਦੀ ਸਹੀ ਵਰਤੋਂ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਮਹਾਨ ਦਿਵਸ ਉੱਤੇ ਸਾਨੂੰ ਮਿਹਨਤ ਕਰਨ ਨੂੰ ਤਰਜੀਹ ਦੇ ਕੇ ਸਕਾਰਾਤਮਕਤਾ ਸੋਚ ਦੇ ਧਾਰਨੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਅੰਧ - ਵਿਸ਼ਵਾਸਾਂ , ਵਹਿਮਾਂ - ਭਰਮਾਂ 'ਚ ਜਕੜੀ ਮਾਨਸਿਕਤਾ 'ਚੋਂ ਬਾਹਰ ਨਿਕਲ ਕੇ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਔਰਤ ਦਾ ਘਰ , ਪਰਿਵਾਰ ਤੇ ਸਮਾਜ ਵਿੱਚ ਸਤਿਕਾਰ ਕਰਨਾ ਅਤੇ ਉਸ ਨੂੰ ਬਣਦੀ ਆਜ਼ਾਦੀ ਦੇਣੀ ਚਾਹੀਦੀ ਹੈ। ਜੇਕਰ ਸੰਭਵ ਹੋ ਸਕੇ ਤਾਂ " ਸ਼ਹੀਦ - ਏ - ਆਜ਼ਮ " ਸਰਦਾਰ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜ ਕਲਾਂ ਨੇੜੇ ਬੰਗਾ , ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ( ਨਵਾਂਸ਼ਹਿਰ ) ਵਿਖੇ ਆਪ ਅਤੇ ਆਪਣੇ ਬੱਚਿਆਂ ਨੂੰ ਲੈ ਕੇ ਜ਼ਰੂਰ ਜਾਣਾ ਚਾਹੀਦਾ ਹੈ ਅਤੇ " ਸ਼ਹੀਦ - ਏ - ਆਜ਼ਮ " ਸਰਦਾਰ ਭਗਤ ਸਿੰਘ ਜੀ ਦੇ ਜੱਦੀ ਘਰ ਅਤੇ ਅਜਾਇਬ ਘਰ ਦੇ ਦਰਸ਼ਨ ਵੀ ਜ਼ਰੂਰ ਸ਼ਰਧਾ ਨਾਲ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਜੇਕਰ ਅਸੀਂ ਆਪਣੇ ਬੱਚਿਆਂ ਨੂੰ , ਨੌਜਵਾਨਾਂ ਨੂੰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਮਹਾਨ ਸ਼ਹੀਦਾਂ ਬਾਰੇ ਜਾਣੂ ਕਰਵਾਵਾਂਗੇ ਤਾਂ ਹੀ ਸਾਡੀਆਂ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਉਨ੍ਹਾਂ ਮਹਾਨ ਦੇਸ਼ ਭਗਤਾਂ ਅਤੇ ਸ਼ਹੀਦਾਂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰ ਸਕਣਗੀਆਂ। ਆਓ ! ਦੇਸ਼ , ਸਮਾਜ ਅਤੇ ਭਾਈਚਾਰਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਣ ਲਈ ਅਸੀਂ ਸਾਰੇ ਰਲ - ਮਿਲ ਕੇ ਚੰਗੇ ਅਤੇ ਵਧੀਆ ਕੰਮ ਕਰੀਏ ਅਤੇ ਸਰਬੱਤ ਦਾ ਭਲਾ ਕਰੀਏ ਤਾਂ ਹੀ ਅਜਿਹਾ ਕੁਝ ਕਰਨ ਨਾਲ " ਸ਼ਹੀਦ - ਏ - ਆਜ਼ਮ " ਸਰਦਾਰ ਭਗਤ ਸਿੰਘ ਜੀ ਅਤੇ ਉਨ੍ਹਾਂ ਦੇ ਸਤਿਕਾਰਯੋਗ ਸਾਥੀਆਂ ਨੂੰ ਸਾਡੇ ਵੱਲੋਂ ਸੱਚੀ - ਸੁੱਚੀ ਸ਼ਰਧਾਂਜਲੀ ਹੋਵੇਗੀ।

ਜੈ ਹਿੰਦ ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*



## ਵਿਧਾਇਕ ਦਾ ਪੀ ਏ ਦੱਸ ਕੇ ਕਰੋੜ ਰੁਪਏ ਮੰਗਣ ਵਾਲਾ ਵਿਦੇਸ਼ ਪੁੱਜਾ

ਤਰਨ ਤਾਰਨ, 22 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਦਾ ਪੀ ਏ ਬਣ ਕੇ ਐਨ ਆਰ ਆਈ ਕੋਲੋਂ ਕਰੋੜ ਰੁਪਏ ਦੀ ਮੰਗ ਕਰਨ ਅਤੇ ਹਥਿਆਰ ਲੈਣ ਦੀ ਗੱਲ ਕਰਨ ਦਾ ਦੋਸ਼ੀ ਵਿਦੇਸ਼ ਭੱਜ ਗਿਆ ਹੈ।

ਇਹ ਖੁਲਾਸਾ ਥਾਣਾ ਸਿਟੀ ਤਰਨ ਤਾਰਨ ਦੀ ਪੁਲਸ ਨੇ ਕੀਤਾ ਹੈ।ਦੱਸਣਾ ਬਣਦਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜੇ ਤੋਂ ਕੁਝ ਦਿਨ ਬਾਅਦ ਸੋਸ਼ਲ ਮੀਡੀਆ ਉੱਤੇ ਆਡੀਓ ਵਾਇਰਲ ਹੋਈ ਸੀ ਜਿਸ ਵਿੱਚ ਇੱਕ ਜਣਾ ਆਪਣੇ ਆਪ ਨੂੰ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਦਾ ਪੀ ਏ ਦੱਸ ਕੇ ਇੱਕ ਐਨ ਆਰ ਆਈ ਤੋਂ ਕਰੋੜ ਰੁਪਏ ਮੰਗ ਰਿਹਾ ਸੀ ਅਤੇ ਉਹ ਹਥਿਆਰਾਂ ਦੀ ਲੋੜ ਬਾਰੇ ਵੀ ਗੱਲ ਕਰਦਾ ਇਸ ਆਡੀਓ ਵਿੱਚ ਬੋਲਦਾ ਸੁਣੀਂਦਾ ਸੀ।ਪੁਲਸ ਨੇ ਪੜਤਾਲ ਕਰ ਕੇ ਅਖਤਿਆਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਤਰਨ ਤਾਰਨ ਅਤੇ ਇੱਕ ਹੋਰ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ ਕਰ ਲਿਆ ਸੀ।ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਨੇ ਅਖਤਿਆਰ ਦੇ ਘਰ ਛਾਪੇਮਾਰੀ ਕੀਤੀ ਤਾਂ ਪਤਾ ਲੱਗਾ ਹੈ ਕਿ ਉਹ ਕੁਝ ਦਿਨਾਂ ਪਹਿਲਾਂ ਹੀ ਵਿਦੇਸ਼ ਚਲਾ ਗਿਆ ਹੈ। ਫੋਨ ਕਰਨ ਵਾਲਾ ਅਖਤਿਆਰ ਸਿੰਘ ਅਤੇ ਜਿਸ ਨੂੰ ਫੋਨ ਕੀਤਾ ਗਿਆ ਸੀ, ਜਤਿੰਦਰ ਸਿੰਘ ਦੋਵੇਂ ਅਮਰੀਕਾ ਤੋਂ ਆਏ ਸਨ।

# ਅੰਮ੍ਰਿਤਸਰ ਦੇ ਕਾਂਗਰਸੀ ਕੌਂਸਲਰਾਂ ਵੱਲੋਂ ਮੇਅਰ ਨੂੰ ਲਾਹੁਣ ਦਾ ਐਲਾਨ

ਅੰਮ੍ਰਿਤਸਰ, 22 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਗਰ ਨਿਗਮ ਵਿਖੇ ਕਾਂਗਰਸ ਪਾਰਟੀ ਵਾਲੇ ਕੌਂਸਲਰਾਂ ਨੇ ਮੇਅਰ ਕਰਮਜੀਤ ਸਿੰਘ ਰਿੰਟੂ ਨੂੰ ਹਟਾਉਣ ਲਈ ਆਪਣੇ ਆਪ ਬੇਭਰੋਸਗੀ ਮਤਾ ਪਾ ਕੇ ਸੀਨੀਅਰ ਡਿਪਟੀ ਮੇਅਰ ਰਮਨ ਬਖ਼ਸ਼ੀ ਨੂੰ ਅੰਮ੍ਰਿਤਸਰ ਦਾ ਮੇਅਰ ਐਲਾਨਦਿੱਤਾ ਹੈ। ਦੂਸਰੇ ਪਾਸੇ ਨਿਗਮ ਕਮਿਸ਼ਨਰ ਨੇ ਕਾਂਗਰਸੀ ਕੌਂਸਲਰਾਂ ਦੀ ਬੈਠਕ ਨੂੰ ਗ਼ੈਰ-ਸੰਵਿਧਾਨਕ ਦੱਸ ਕੇ ਉਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਇਸ ਦੇ ਬਾਅਦ ਸਥਿਤੀ ਤਣਾਅ ਭਰੀ ਹੋਣ ਕਾਰਨ ਨਗਰ ਨਿਗਮ ਦਫ਼ਤਰ ਵਿੱਚ ਭਾਰੀ ਪੁਲਸ ਤਾਇਨਾਤ ਹੈ ਅਤੇ ਮੇਅਰ ਦਫ਼ਤਰ ਅਤੇ ਕੌਂਸਲਰ ਹਾਲ ਨੂੰ ਤਾਲੇ ਲਾ ਦਿੱਤੇ ਗਏ ਸਨ।ਮੇਅਰ ਕਰਮਜੀਤ ਸਿੰਘ ਰਿੰਟੂ ਜੋ ਪਹਿਲਾਂ ਕਾਂਗਰਸ ਨਾਲ ਸਬੰਧਤ ਸਨ ਅਤੇ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਨੂੰ ਲੈ ਕੇ ਕਾਂਗਰਸੀ ਹਲਕਿਆਂ ਵਿੱਚ ਰੋਸ ਹੈ। ਉਨ੍ਹਾਂ ਦੇ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਲਈ ਤਿੰਨ ਵਾਰ ਨਿਗਮ ਕਮਿਸ਼ਨਰ ਨੂੰ ਹਾਊਸ ਦੀ ਬੈਠਕ ਸੱਦਣ ਲਈ ਮੰਗ ਪੱਤਰ ਦਿੱਤਾ ਗਿਆ, ਜਿਸ ਉੱਤੇ ਮੇਅਰ ਨੇ 21 ਮਾਰਚ ਨੂੰ ਹਾਊਸ ਦੀ ਵਿਸ਼ੇਸ਼ ਮੀਟਿੰਗ ਸੱਦਣ



ਦਾ ਐਲਾਨ ਕਰ ਕੇ 17 ਮਾਰਚ ਨੂੰ ਮੀਟਿੰਗ ਰੱਦ ਕਰ ਦਿੱਤੀ। ਮੇਅਰ ਵੱਲੋਂ ਮੀਟਿੰਗ ਰੱਦ ਕਰਨ ਨੂੰ ਗ਼ੈਰ ਸੰਵਿਧਾਨਕ ਦੱਸ ਕੇ 55 ਦੇ ਕਰੀਬ ਕੌਂਸਲਰ ਇਕੱਠੇ ਹੋ ਕੇ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਫ਼ਤਰ ਗਏ ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਅਸ਼ਵਨੀ ਪੱਪੂ ਦੀ ਅਗਵਾਈ ਹੇਠ ਇੱਕ ਰਜਿਸਟਰ ਉੱਤੇ ਦਸਤਖ਼ਤ ਕਰਕੇ ਨਿਗਮ ਕਮਿਸ਼ਨਰ ਨੂੰ ਦੇਣਾ ਚਾਹਿਆ ਅਤੇ ਕਮਿਸ਼ਨਰ ਨੂੰ ਮੌਕੇ ਉੱਤੇ ਨਗਰ ਨਿਗਮ ਦੇ ਹਾਊਸ ਦੀ ਬੈਠਕ ਕਰਨ ਦਾ ਦਬਾਅ ਪਾਇਆ, ਪਰ ਕਮਿਸ਼ਨਰ ਨੇ ਰਜਿਸਟਰ ਲੈਣ ਅਤੇ ਹਾਊਸ ਦੀ ਬੈਠਕ ਖੜੇ ਪੈਰ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਇਸ ਉੱਤੇ ਕੌਂਸਲਰ ਸੁਰਿੰ-ਦਰ ਚੌਧਰੀ ਨੇ ਮੇਅਰ ਦੇ ਖ਼ਿਲਾਫ਼ ਬੇਭਰੋਸਗੀ ਮਤਾ ਲਿਆ ਕੇ ਕਰਮਜੀਤ ਸਿੰਘ ਰਿੰਟੂ ਨੂੰ ਅਹੁਦੇ ਤੋਂ ਹਟਾ ਕੇ ਰਮਨ ਬਖ਼ਸ਼ੀ ਨੂੰ ਮੇਅਰ ਬਣਾਉਣ ਦਾ ਐਲਾਨ ਕਰ ਦਿੱਤਾ, ਜਿਸ ਦੀ ਪ੍ਰੋੜ੍ਹਤਾ ਕੌਂਸਲਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਕੀਤੀ ਅਤੇ ਹਾਜ਼ਰ ਕੌਂਸਲਰਾਂ ਨੇ ਹੱਥ ਖੜ੍ਹੇ ਕਰਕੇ ਇਸ ਨੂੰ ਪ੍ਰਵਾਨਗੀ ਵੀ ਦੇ ਦਿੱਤੀ।

ਦੂਸਰੇ ਪਾਸੇ ਨਿਗਮ ਕਮਿਸ਼ਨਰ ਨੇ ਕਿਹਾ ਕਿ ਹਾਊਸ ਦੀ ਬੈਠਕ ਸੱਦਣ ਦਾ ਅਧਿਕਾਰ ਕੇਵਲ ਮੇਅਰ ਕੋਲ ਹੈ ਤੇ ਉਹ ਜਦੋਂ ਚਾਹੁਣ, ਮੀਟਿੰਗ ਸੱਦ ਅਤੇ ਰੱਦ ਕਰ ਸਕਦੇ ਹਨ। ਰਮਨ ਬਖ਼ਸ਼ੀ ਨੇ ਕਿਹਾ ਕਿ ਕਾਂਗਰਸ ਦੇ ਕੌਂਸਲਰਾਂ ਕੋਲ ਬਹੁਮਤ ਹੈ ਤੇ ਉਨ੍ਹਾਂ ਨੂੰ ਸੰਵਿਧਾਨਕ ਅਧਿਕਾਰ ਹੈ ਕਿ ਮੇਅਰ ਬਦਲ ਸਕਦੇ ਹਨ। ਮੇਅਰ ਰਿੰਟੂ ਨੇ ਕਾਂਗਰਸੀ ਕੌਂਸਲਰਾਂ ਵੱਲੋਂ ਨਗਰ ਨਿਗਮ ਵਿੱਚ ਕਾਰਵਾਈ ਨੂੰ ਗ਼ੈਰ ਸੰਵਿਧਾਨਕ ਦੱਸ ਕੇ ਕਿਹਾ ਕਿ ਕੁਝ ਲੋਕਾਂ ਨੇ ਸਿਆਸਤ ਚਮਕਾਉਣ ਲਈ ਨਿਗਮ ਦਫ਼ਤਰ ਵਿਖੇ ਹੁਲੜਬਾਜ਼ੀ ਕੀਤੀ ਹੈ। ਜਿਹੜੇ 55 ਕੌਂਸਲਰ ਕਾਂਗਰਸੀ ਹੋਣ ਦਾਕਹਿੰਦੇ ਹਨ, ਅਸਲ ਵਿੱਚ ਨਗਰ ਨਿਗਮ ਦੇ ਹਾਊਸ ਵਿੱਚ ਇਸ ਵੇਲੇ 55 ਕਾਂਗਰਸੀ ਕੌਂਸਲਰ ਬਾਕੀ ਨਹੀਂ ਰਹਿ ਗਏ। ਮੇਅਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਨਾਲ ਆਪਣੇ ਸਮੇਤ 41 ਕੌਂਸਲਰ ਹਨ ਅਤੇ ਆਮ ਆਦਮੀ ਪਾਰਟੀ ਦੇ 5 ਕੌਂਸਲਰ ਵੀ ਉਨ੍ਹਾਂ ਨਾਲ ਖੜ੍ਹੇ ਹਨ।

## ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਗੱਡੀ ਖੋਹੀ

ਮੋਗਾ, 22 ਮਾਰਚ (ਪੋਸਟ ਬਿਊਰੋ)- ਟੈਕਸੀ ਸਟੈਂਡ ਮੋਗਾ ਤੋਂ ਕਿਰਾਏ ਉੱਤੇ ਲਈ ਗੱਡੀ ਨੂੰ ਹਥਿਆਰਬੰਦ ਲੁਟੇਰਿਆਂ ਵੱਲੋਂ ਪਿਸਤੌਲ ਦੀ ਨੋਕ ਉੱਤੇ ਖੋਹ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਬਾਰੇ ਸਮਾਲਸਰ ਪੁਲਸ ਨੂੰ ਦਿੱਤੀਸ਼ਿਕਾਇਤ ਵਿੱਚ ਬਸੰਤ ਸਿੰਘ ਵਾਸੀ ਪਤੀ ਸੰਧੂਆਂ ਮੋਗਾ ਨੇ ਦਸਿਆ ਕਿ 19 ਮਾਰਚ ਦੀ ਦੇਰ ਰਾਤ ਟੈਕਸੀ ਸਟੈਂਡ ਮੋਗਾ ਉੱਤੇ ਚਾਰ ਅਣਜਾਣ ਨੌਜਵਾਨ ਆਏ ਤੇ ਕਿਹਾ ਕਿ ਉਨ੍ਹਾਂ ਨੇ ਕੋਟਕਪੂਰੇ ਜਾਣਾ ਹੈ।ਗੱਲਬਾਤ ਕਰਕੇ ਉਨ੍ਹਾਂ ਨੂੰ ਗੱਡੀ ਵਿੱਚ ਬਿਠਾ ਲਿਆ ਅਤੇ ਕੋਟਕਪੂਰਾ ਵੱਲ ਚਲ ਪਏ। ਜਦੋਂ ਪੰਜਗਰਾਈ ਖੁਰਦ ਕੋਲ ਪਹੁੰਚੇ ਤਾਂ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਗੱਡੀ ਖੋਹ ਲਈ ਤੇ ਉਸ ਨੂੰ ਖੇਤ ਵਿੱਚ ਸੁੱਟ ਦਿੱਤਾ ਅਤੇ ਧਮਕੀ ਦਿੱਤੀ ਕਿ ਜੇ ਰੌਲਾ ਪਾਇਆ ਤਾਂ ਗੋਲੀ ਮਾਰ ਦੇਵਾਂਗੇ। ਪੁਲਸ ਆਸ-ਪਾਸ ਲੱਗੇ ਸਾਰੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲ ਰਹੀ ਹੈ।

# ਪੰਜਾਬ ਦੇ ਥਰਮਲ ਪਲਾਂਟਾਂ ਕੋਲ ਕੋਲਾ ਘੱਟ ਹੋਣ ਦਾ ਮੁੱਦਾ ਕੇਂਦਰ ਤਕ ਪੁੱਜਾ

ਪਟਿਆਲਾ, 22 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਝੋਨੇ ਦੇ ਅਗਲੇ ਸੀਜ਼ਨ ਦੌਰਾਨ ਪ੍ਰਾਈਵੇਟ ਥਰਮਲ ਪਲਾਂਟਾਂ ਦੇ ਕੋਲ ਲੋੜ ਤੋਂ ਘੱਟਕੋਲਾ ਹੋਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਪੁੱਜ ਗਿਆ ਹੈ। ਇਸ ਬਾਰੇ ਕੇਂਦਰ ਸਰਕਾਰ ਦੇ ਬਿਜਲੀ ਅਤੇ ਕੋਲਾ ਮੰਤਰਾਲੇ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਅਤੇ ਰਣਨੀਤੀ ਘੜੀ ਜਾ ਰਹੀ ਹੈ ਕਿ ਪੰਜਾਬ ਵਿੱਚ ਝੋਨੇ ਦਾ ਸੀਜ਼ਨ ਕਿਵੇਂ ਸਿਰੇ ਲਾਇਆ ਜਾ ਸਕਦਾ ਹੈ।



ਪਾਵਰਕਾਮ ਦੀ ਰੋਜ਼ਾਨਾ ਰਿਪੋਰਟ ਮੁਤਾਬਕ ਇਸ ਵੇਲੇ ਤਲਵੰਡੀ ਸਾਬੋ ਥਰਮਲ ਪਲਾਂਟ ਕੋਲ 1.7 ਦਿਨ ਜੋਗਾ, ਰਾਜਪੁਰਾ ਥਰਮਲ ਪਲਾਂਟ ਕੋਲ 7.4 ਅਤੇ ਗੋਇੰਦਵਾਲ ਸਾਹਿਬ ਵਿੱਚ 2.1 ਦਿਨ ਦਾ ਕੋਲਾ ਬਚਿਆ ਹੈ। ਪੰਜਾਬ ਵਿਚਲੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਨਾਲ ਬਿਜਲੀ ਸਮਝੌਤਾ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਇਸ ਲਈ ਇਸ ਪਲਾਂਟ ਤੋਂ ਕਿੰਨੀ ਬਿਜਲੀ ਕਿਵੇਂ ਮਿਲੇਗੀ, ਇਸ ਬਾਰੇ ਜਨਤਕ ਸਥਿਤੀ ਸਪੱਸ਼ਟ ਨਹੀਂ।

ਦੂਜੇ ਪਾਸੇ ਸੂਤਰਾਂ ਦਾ ਦਾਅਵਾ ਕਿ ਪ੍ਰਾਈਵੇਟ ਥਰਮਲ ਪਲਾਂਟਾਂ ਵਿੱਚੋਂ ਤਲਵੰਡੀ ਸਾਬੋ ਅਤੇ ਰਾਜਪੁਰਾ ਪਲਾਂਟ ਦੀ ਕੋਲੇ ਦੀ ਜ਼ਰੂਰਤ ਦੀ ਪੂਰਤੀ ਲਈ ਲੋੜ ਮੁਤਾਬਕ ਕੋਲਾ ਨਹੀਂ। ਇਨ੍ਹਾਂ ਥਰਮਲਾਂ ਦੀ ਮੈਨੇਜਮੈਂਟ ਨੇ ਕੋਲੇ ਦੀ ਜ਼ਰੂਰਤ ਦੀ ਪੂਰਤੀ ਵਾਸਤੇ ਈ-ਟੈਂਡਰ ਲਾ ਰੱਖੇ ਹਨ, ਪਰ ਦੇਸ਼ ਵਿੱਚ ਕੋਲੇ ਦੀ ਮੌਜੂਦਾ ਸਥਿਤੀ ਕਾਰਨ ਕੋਲਾ ਪ੍ਰਾਪਤ ਕਰ ਕੇ ਕੰਮ ਚਲਾਉਣਾ ਔਖਾ ਜਾਪਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਕੋਲਾ ਪ੍ਰਾਪਤੀ ਲਈ 6 ਤੋਂ 10 ਫੀਸਦੀ ਤਕ ਇੰਪੋਰਟਿਡ ਕੋਲਾ ਖਰੀਦਣਾ ਲਾਜ਼ਮੀ ਹੋਣ ਦੀ ਸ਼ਰਤ ਲਾ ਦਿੱਤੀ ਹੈ। ਸੂਤਰਾਂ ਮੁਤਾ-ਬਕ ਇਸ ਵੇਲੇ ਪ੍ਰਾਈਵੇਟ ਖੇਤਰ ਵਿੱਚਤਲਵੰਡੀ ਸਾਬੋ ਦੇ ਤਿੰਨੋਂ ਯੂਨਿਟ, ਰਾਜਪੁਰਾ ਪਲਾਂਟ ਦੇ ਦੋਵੇਂ ਯੂਨਿਟ ਅਤੇ ਗੋਇੰਦਰਵਾਲ ਸਾਹਿਬ ਦਾ ਇੱਕ ਯੂਨਿਟ ਬਿਜਲੀ ਪੈਦਾ ਕਰ ਰਹੇ ਹਨ ਤੇ ਸਰਕਾਰੀ ਖੇਤਰ ਦੇ ਰੋਪੜ ਪਲਾਂਟ ਦੇ ਦੋ ਯੂਨਿਟ ਤੇ ਲਹਿਰਾਂ ਮੁਹੱਬਤ ਦਾ ਇੱਕ ਯੂਨਿਟ ਬਿਜਲੀ ਪੈਦਾ ਕਰਦੇ ਹਨ। ਰੋਪੜ ਪਲਾਂਟ ਵਿੱਚ 18 ਦਿਨ ਤੇ ਲਹਿਰਾ ਮੁਹੱਬਤ ਪਲਾਂਟ ਵਿੱਚ 22.8 ਦਿਨ ਦਾ ਕੋਲਾ ਹੈ।

## ਛੋਟੇ ਜਿਹੇ ਪਿੰਡ ਸੰਧਵਾਂ ਨੇ ਦੇਸ਼ ਨੂੰ ਕਈ ਵੱਡੇ ਸਿਆਸਤਦਾਨ ਦਿੱਤੇ



### * ਕੁਲਤਾਰ ਸਿੰਘ ਦੇ ਸਪੀਕਰ ਬਣਨ ਨਾਲ ਪਿੰਡ ਫਿਰ ਖਿੜਿਆ

ਫਰੀਦਕੋਟ, 22 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਕੱਲ੍ਹ ਸਰਬਸੰਮਤੀ ਨਾਲ ਸਪੀਕਰ ਚੁਣੇ ਗਏ ਕੁਲਤਾਰ ਸਿੰਘ ਸੰਧਵਾਂ ਫਰੀਦਕੋਟ ਜ਼ਿਲ੍ਹੇ ਦੇ ਸਭ ਤੋਂ ਵੱਧ ਦਲਿਤ ਵਸੋਂ ਵਾਲੇ ਪਿੰਡ ਸੰਧਵਾਂ ਦੇ ਵਸਨੀਕ ਹਨ। ਗਿਆਨੀ ਜ਼ੈਲ ਸਿੰਘ ਵੀ ਇਸੇ ਹੀ ਪਿੰਡ ਦੇ ਜੰਮਪਲ ਸਨ ਅਤੇ ਉਹ ਪੰਜਾਬ ਦੇ ਮੁੱਖ ਮੰਤਰੀ, ਭਾਰਤ ਦੇ ਗ੍ਰਹਿ ਮੰਤਰੀ ਅਤੇ ਫਿਰ ਦੇਸ਼ ਦੇ ਰਾਸ਼ਟਰਪਤੀ ਬਣੇ ਸਨ। ਕੁਲਤਾਰ ਸਿੰਘ ਸੰਧਵਾਂ ਗਿਆਨੀ ਜ਼ੈਲ ਸਿੰਘ ਦੇ ਭਰਾ ਦੇ ਪੋਤਰੇ ਹਨ।

ਵਰਨਣ ਯੋਗ ਹੈ ਕਿ ਸਾਲ 1972 ਵਿੱਚ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਅਤੇ ਇਸੇ ਤਰ੍ਹਾਂ ਜਸਵਿੰਦਰ ਸਿੰਘ ਬਰਾੜ ਵੀ ਪਿੰਡ ਸੰਧਵਾਂ ਦੇ ਜੰਮਪਲ ਸਨ, ਜਿਹੜੇ 1972 ਵਿੱਚ ਹੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ ਸਨ। ਜਸਵਿੰਦਰ ਸਿੰਘ ਬਰਾੜ, ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਚੋਣ ਜਿੱਤੇ ਸਨ। ਇਸ ਤੋਂ ਇਲਾਵਾ ਮਨਤਾਰ ਸਿੰਘ ਬਰਾੜ ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਚੋਣ ਜਿੱਤੇ ਅਤੇ 2012 ਤੋਂ 2017 ਤਕ ਅਕਾਲੀ ਸਰਕਾਰ ਦੌਰਾਨ ਉਹ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਚੀਫ ਪਾਰਲੀਮੈਂਟਰੀ ਸੈਕਟਰੀ ਰਹੇ। ਉਹ ਜਸਵਿੰਦਰ ਸਿੰਘ ਬਰਾੜ ਦੇ ਪੁੱਤਰ ਹਨ। ਕੁਲਤਾਰ ਸਿੰਘ ਸੰਧਵਾਂ ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਵੱਡੇ ਫਰਕ ਨਾਲ ਲਗਾਤਾਰ ਦੂਜੀ ਵਾਰ ਚੋਣ ਜਿੱਤੇ ਹਨ ਅਤੇ ਉਹ ਆਮ ਆਦਮੀ ਪਾਰਟੀ ਦੇ ਮੁੱਢਲੇ ਮੈਂਬਰਾਂ ਵਿੱਚੋਂ ਹਨ। ਸੰਧਵਾਂ ਇਸ ਤੋਂ ਪਹਿਲਾਂ ਪਾਰਟੀ ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਵੀ ਰਹਿ ਚੁੱਕੇ ਹਨ। ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪਿੰਡ ਸੰਧਵਾਂ ਇਸ ਜ਼ਿਲ੍ਹੇ ਦਾ ਛੋਟਾ ਜਿਹਾ ਪਿੰਡ ਹੈ, ਜਿਸ ਨੇ ਪੰਜਾਬ ਅਤੇ ਦੇਸ਼ ਨੂੰ ਚੋਟੀ ਦੇ ਸਿਆਸੀ ਆਗੂ ਦਿੱਤੇ ਹਨ, ਜੋ ਸਾਧਾਰਨ ਪਰਵਾਰਾਂ ਵਿੱਚੋਂ ਸਨ, ਪਰ ਉਹ ਮਿਹਨਤ ਨਾਲ ਸਿਆਸਤ ਦੇ ਸਿਖਰ ਉੱਤੇ ਪਹੁੰਚੇ ਸਨ।

## ਆਪ ਵੱਲੋਂ ਕੁਲਵੰਤ ਸਿੰਘ ਬਾਠ ਹਿਮਾਚਲ ਪ੍ਰਦੇਸ਼ ਦੇ ਸਹਿ ਇੰਚਰਾਜ ਬਣਾਏ ਗਏ

ਨੰਗਲ, 22 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਰਕਾਰ ਬਣਾਉਣ ਪਿੱਛੋਂ ਹਿਮਾਚਲ ਪ੍ਰਦੇਸ਼ ਵਿੱਚ ਵੀ ਸਰਕਾਰ ਬਣਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂਹਨ। ਇਸੇ ਤਹਿਤ ਕੱਲ੍ਹ ਪਾਰਟੀ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਆਪਣੇ ਚੋਣ ਇੰਚਾਰਜ ਥਾਪੇ ਗਏ ਹਨ।

ਹਿਮਾਚਲ ਪ੍ਰਦੇਸ਼ ਵਿੱਚ ਪਾਰਟੀ ਦੇ ਸੀਨੀਅਰ ਆਗੂ ਸਤਿੰ-ਦਰ ਜੈਨ ਨੂੰ ਇਲੈਕਸ਼ਨ ਇੰਚਾਰਜ ਤੇ ਦੁਰਗੇਸ਼ ਪਾਠਕ ਨੂੰ ਇਸ ਰਾਜ ਦਾ ਇੰਚਾਰਜ ਬਣਾਇਆ ਹੈ। ਇਸਦੇ ਨਾਲ ਪਾਰਟੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਕੁਲਵੰਤ ਸਿੰਘ ਬਾਠ ਨੂੰ ਸਹਿ ਇੰਚਾਰਜ ਨਿਯੁਕਤ ਕੀਤਾ ਹੈ। ਇਸ ਮੌਕੇ ਕੁਲਵੰਤ ਸਿੰਘਬਾਠ ਨੇ ਕਿਹਾ ਕਿ ਜੋ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਕੋਈ ਕਸਰ ਨਹੀਂ ਛੱਡਣਗੇ।

## ਸ਼ਹੀਦ ਭਗਤ ਸਿੰਘ ਦੇ ਦਸਤਾਵੇਜ਼ ਭਾਰਤ ਲਿਆਓ: ਤਰਲੋਚਨ ਸਿੰਘ

ਅੰਮ੍ਰਿਤਸਰ, 22 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੇ ਲਾਹੌਰ ਸ਼ਹਿਰ ਵਿੱਚ ਪੰਜਾਬ ਪੁਰ-ਾਤੱਤਵ ਵਿਭਾਗ ਕੋਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਾਲ ਸਬੰਧਤ ਕਈ ਅਜਿਹੇ ਦੁਰਲਭ ਦਸਤਾਵੇਜ਼ ਹਨ, ਜਿਨ੍ਹਾਂ ਨੂੰ ਘੋਖਣ ਤੋਂ ਕਈ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆ ਸਕਦੀਆਂ ਹਨ ਤੇ ਇਹ ਦਸਤਾਵੇਜ਼ ਭਾਰਤੀ ਇਤਿਹਾਸ ਦੀਆਂ ਪੁਸਤਕਾਂ ਦਾ ਹਿੱਸਾ ਬਣ ਸਕਦੇ ਹਨ। ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮੈਂਬਰ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਤਰਲੋਚਨ ਸਿੰਘ ਨੇ ਕਿਹਾ ਕਿ ਭਾਰਤੀ ਵਿਦੇਸ਼ ਮੰਤਰਾਲੇ ਨੂੰ ਇਨ੍ਹਾਂ ਦਸਤਾਵੇਜ਼ਾਂ ਦੀ ਡੁਪਲੀਕੇਟ ਕਾਪੀ ਤਿਆਰ ਕਰਵਾ ਕੇ ਭਾਰਤ ਮੰਗਵਾਉਣ ਲਈ ਪਾਕਿ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਲਹਿੰਦੇ ਪੰਜਾਬ ਦੇ ਪੁਰਾਤੱਤਵ ਵਿਭਾਗ ਕੋਲ ਸ਼ਹੀਦ ਭਗਤ ਸਿੰਘ ਵੱਲੋਂ ਲਾਹੌਰ ਸੈਂਟਰਲ ਜੇਲ੍ਹ ਵਿੱਚ ਰਾਜਸੀ ਕੈਦੀ ਐਲਾਨੇ ਜਾਣ ਪਿੱਛੋਂ ਏ-ਕਲਾਸ ਦੀ ਸਹੂਲਤ ਲਈ ਲਿਖੇ ਪੱਤਰ ਦੇ ਨਾਲ ਕ੍ਰਾਂਤੀਕਾਰੀਆਂ ਹੱਥੋਂ ਮਾਰੇ ਗਏ ਪੁਲਸ ਅਧਿਕਾਰੀ ਜੌਨ ਪੀ{ ਸਾਂਡਰਸ ਅਤੇ ਸਿਪਾਹੀ ਚਰਨ ਸਿੰਘ ਦੀਆਂ ਪੋਸਟ ਮਾਰਟਮ ਰਿਪੋਰਟਾਂ, ਭਗਤ ਸਿੰਘ ਤਐ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਦੋਸ਼ੀ ਠਹਿਰਾਉਣ ਬਾਰੇ ਅਦਾਲਤੀ ਹੁਕਮ ਅਤੇ ਉਨ੍ਹਾਂ ਨੂੰ ਫਾਂਸੀ ਉੱਤੇ ਲਟਕਾਉਣ ਦੀ ਪੁਸ਼ਟੀ ਬਾਰੇ ਜੇਲ੍ਹ ਦੇ ਦਰੋਗ਼ਾ ਦੀ ਰਿਪੋਰਟ ਵੀ ਸੁਰੱਖਿਅਤ ਹੈ। ਵਿਭਾਗ ਦੇ ਰਿਕਾਰਡ ਵਿੱਚ ਭਗਤ ਸਿੰਘ ਵੱਲੋਂ ਜੇਲ੍ਹ ਦੀ ਸਜ਼ਾ ਦੌਰਾਨ ਮੰਗਵਾਈਆਂ ਗਈਆਂ ਕਿਤਾਬਾਂ, ਨਾਵਲ, ਕ੍ਰਾਂਤੀਕਾਰੀ ਸਾਹਿਤ ਸਮੇਤ ਹੋਰ ਵੱਡਮੁੱਲੀ ਸਮੱਗਰੀ ਵੀ ਹੈ।




## ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਲੋ ਡਾ ਮਹਿੰਦਰ ਕੌਰ ਦੀ ਗਿਆਰਵੀ ਬਰਸੀ

ਪਟਿਆਲਾ, 22 ਮਾਰਚ (ਪੋਸਟ ਬਿਓਰੋ)- ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਪ੍ਰੋ. ਅਰਵਿੰਦ ਜੀ ਦੀ ਸਰਪ੍ਰਸਤੀ ਹੇਠ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਲੋਂ ਬੀਬੀ ਮਹਿੰਦਰ ਕੌਰ (ਸਾਬਕਾ ਆਨਰੇਰੀ ਡਾਇਰੈਕਟਰ) ਦੀ ਗਿਆਰਵੀਂ ਸਾਲਾਨਾ-ਬਰਸੀ ਦਾ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਜਰਨੈਲ ਸਿੰਘ ਮਹਿਕ ਦੇ ਜਥੇ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਡਾ. ਸਵਰਾਜ ਸਿੰਘ (ਯੂ.ਐਸ.ਏ.) ਵਾਲਿਆਂ ਵਲੋਂ ਯਾਦਗਾਰੀ ਭਾਸ਼ਣ ਦਿਤਾ ਗਿਆ, ਜਿਸ ਵਿਚ ਉਨ੍ਹਾਂ ਨੇ ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਸਮਾਧਾਨ ਦੀ ਗੱਲ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਧਰਮ ਤੇ ਆਰਥਿਕਤਾ, ਹੁਕਮ ਤੇ ਹਉਮੈ, ਗੁਰਮੁਖ ਤੇ ਮਨਮੁਖ ਆਦਿ ਦੀ ਗੱਲ ਕਰਦਿਆਂ, ਉਨ੍ਹਾਂ ਨੇ ਕਿਹਾ ਕਿ ਮਨੁਖ ਦਾ ਮਨੁਖਤਾ ਨਾਲੋਂ ਟੁਟਣਾ, ਆਪਣੇ ਅਸਲ ਨੂੰ ਨਾ ਪਛਾਣਨਾ ਹੀ ਸਮਿਸਆਵਾਂ ਦੀ ਆਰੰਭਤਾ ਹੈ ਅਤੇ ਆਪਣੀ ਅੰਦਰੂਨੀ ਘਾੜਤ ਰਾਹੀਂ ਮੂਲ ਵਲ ਪਰਤਣਾ ਭਾਵ ਮਨੱਮੁਖਤਾ ਤੋਂ ਗੁਰਮੁਖਤਾ ਵਲ ਆਉਣਾ ਹੀ ਸਮਸਿਆਵਾਂ ਦਾ ਸਮਾਧਾਨ ਹੈ। ਕੇਂਦਰ ਦੇ ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਦੀ ਦੇਖ-ਰੇਖ ਹੇਠ ਆਯੋਜਿਤ ਕੀਤੇ ਗਏ ਇਸ ਸਮਾਗਮ ਵਿਚ ਦੇਹਰਾਦੂਨ ਦੀਆਂ ਸ਼ਾਮਲ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਬੀਬੀ ਮਹਿੰਦਰ ਕੌਰ ਜੀ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ ਉਨ੍ਹਾਂ ਵਿੱਚ ਸ. ਨਰਿੰਦਰਜੀਤ ਸਿੰਘ ਬਿੰਦਰਾ, ਸ. ਦਵਿੰਦਰ ਸਿੰਘ ਬਿੰਦਰਾ, ਸ. ਅਮਰਜੀਤ ਸਿੰਘ ਭਾਟੀਆ, ਡਾ. ਹਿੰਮਤ ਸਿੰਘ, ਸ. ਦਰਸ਼ਨ ਸਿੰਘ, ਬਿਰਗੇਡਿਅਰ ਬਹਿਲ, ਸ. ਬਰਜਿੰਦਰਪਾਲ ਸਿੰਘ, ਸ. ਹਰਪਾਲ ਸਿੰਘ ਬਜਾਜ, ਸ੍ਰੀਮਤੀ ਸ਼ਵੇਤਾ ਤਲਵਾਰ, ਸ੍ਰੀਮਤੀ ਅਮਰਜੀਤ ਕੌਰ ਕਰੀਰ ਆਦਿ ਹਾਜ਼ਰ ਸਨ। ਅੰਤ ਵਿਚ ਡਾ. ਕੁਲਵਿੰਦਰ ਸਿੰਘ ਨੇ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।



# ਪਾਕਿ ਨੂੰ ਦਿੱਤਾ 1000 ਅਰਬ ਰੁਪਏ ਕਰਜ਼ਾ ਭਾਰਤ ਵਸੂਲ ਕਰੇ

* ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਕਿਹਾ: ਅਸੀਂ ਕੁਝ ਨਹੀਂ ਕਰ ਸਕਦੇ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੱਲ੍ਹ ਇਕ ਲੋਕ ਹਿੱਤ ਪਟੀਸ਼ਨ ਉਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਵੰਡ ਦੇ ਸਮੇਂ ਪਾਕਿਸਤਾਨ ਵੱਲੋਂ ਭਾਰਤ ਤੋਂ ਲਏ ਕਰਜ਼ੇ ਦੀ ਵਸੂਲੀ ਦੀ ਅਪੀਲ ਕੀਤੀ ਗਈ ਸੀ, ਜੋ ਵੱਧ ਕੇ ਲੱਗਭਗ 1000 ਅਰਬ ਰੁਪਏ ਤਕ ਪੁੱਜ ਚੁੱਕਾ ਹੈ।

ਇਸ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਕਿ ਇਸ ਰਕਮ ਦੀ ਵਸੂਲੀ ਲਈ ਕੇਂਦਰ ਸਰਕਾਰ ਕੋਈ ਕਦਮ ਨਹੀਂ ਉਠਾ ਰਹੀ।ਕਾਰਜਕਾਰੀ ਚੀਫ ਜਸਟਿਸ ਵਿਪਿਨ ਸਾਂਘੀ ਅਤੇ ਜਸਟਿਸ ਨਵੀਨ ਚਾਵਲਾ ਦੀ ਬੈਂਚ ਨੇ ਕਿਹਾ ਕਿ ਇਹ ਸਰਕਾਰ ਨਾਲ ਜੁੜੀ ਨੀਤੀ ਦਾ ਮਾਮਲਾ ਹੈ ਅਤੇ ਅਦਾਲਤ ਇਸ ਦਾ ਕੋਈ ਨਿਰਦੇਸ਼ ਨਹੀਂ ਦੇ ਸਕਦੀ। ਬੈਂਚ ਨੇ ਕਿਹਾ ਕਿ ਇਹ ਮੁੱਦਾ ਸਰਕਾਰ ਦੇ ਧਿਆਨ ਵਿੱਚ ਹੈ ਤੇ ਉਹ ਜੋ ਚਾਹੇ ਕਦਮ ਉਠਾ ਸਕਦੀ ਹੈ। ਅਦਾਲਤ ਨੇ ਇਸ ਦੇ ਨਾਲ ਹੀ ਓਮ ਸਹਿਗਲ ਦੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ, ਜਿਸ ਵਿੱਚ ਦਲੀਲ ਦਿੱਤੀ ਗਈ ਕਿ ਪਾਕਿਸਤਾਨ ਲਗਾਤਾਰ ਕਸ਼ਮੀਰ ਸਮੇਤ ਭਾਰਤ ਉੱਤੇ ਹਮਲਾ ਕਰਨ ਲਈ ਭਾਰਤ ਸਰਕਾਰ ਦੇ ਪੈਸਿਆਂ ਦੀ ਹੀ ਵਰਤੋਂ ਕਰ ਰਿਹਾ ਹੈ।ਕੇਂਦਰ ਸਰਕਾਰ ਦਾ ਪੱਖ ਪੇਸ਼ ਕਰਦੇ ਐਡੀਸ਼ਨਲ ਸਾਲਿਸਟਰ ਜਨਰਲ (ਏ ਐਸ ਜੀ) ਚੇਤਨ ਸ਼ਰਮਾ ਨੇ ਕਿਹਾ ਕਿ ਪਟੀਸ਼ਨਕਰਤਾ ਦੀਆਂ ਭਾਵਨਾਵਾਂ ਸਹੀ ਹੋਣਗੀਆਂ, ਪਰ ਇਹ ਨੀਤੀਗਤ ਮੁੱਦਾ ਹੈ ਅਤੇ ਇਸ ਨੂੰ ਸਰਕਾਰ ਉੱਤੇ ਛੱਡ ਦੇਣਾ ਚਾਹੀਦਾ ਹੈ।

# ਲੰਡਨ ਵਿੱਚ ਭਾਰਤੀ ਮੂਲ ਦੀ ਕੁੜੀ ਦਾ ਕਤਲ



ਲੰਡਨ, 22 ਮਾਰਚ (ਪੋਸਟ ਬਿਊਰੋ)- ਲੰਡਨ ਵਿੱਚ ਭਾਰਤੀ ਮੂਲ ਦੀ ਕੁੜੀ ਦੇ ਕਤਲ ਦੇ ਸ਼ੱਕ ਵਿੱਚ ਸਕਾਟਲੈਂਡ ਯਾਰਡ ਨੇ ਟਿਊਨੀਸ਼ੀਆਂ ਦੇ ਇੱਕ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਬ੍ਰਿਟਿਸ਼ ਨਾਗਰਿਕ ਸਬਿਤਾ ਥਾਨਵਾਨੀ (19) ਕੱਲ੍ਹ ਲੰਡਨ ਦੇ ਕਲਰਕਨਵੈਲ ਖੇਤਰ ਵਿੱਚ ਆਰਥਰ ਹਾਊਸ ਵਿੱਚ ਵਿਦਿਆਰਥੀਆਂ ਲਈ ਬਣੇ ਇੱਕ ਫ਼ਲੈਟ ਵਿੱਚ ਮ੍ਰਿਤਕ ਮਿਲੀ ਅਤੇ ਉਸ ਦੀ ਗਰਦਨ ਉੱਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਮੈਟਰੋਪੋਲੀਟਨ ਪੁਲਸ ਨੇ 22 ਸਾਲਾ ਮਹੀਰ ਮਾਰੂਫ ਨੂੰ ਗ੍ਰਿਫ਼ਤਾਰ ਕਰਨ ਲਈ ਤੁਰੰਤ ਇੱਕ ਅਪੀਲ ਜਾਰੀ ਕੀਤੀ ਸੀ। ਮਾਰੂਫ ਅਤੇ ਥਾਨਵਾਨੀ ਦਾ ਪ੍ਰੇਮ ਪ੍ਰਸੰਗ ਚੱਲ ਰਿਹਾ ਸੀ। ਅਧਿਕਾਰੀਆਂ ਨੇ ਕੱਲ੍ਹ ਮਾਰੂਫ ਨੂੰ ਕਲਰਕਨਵੈਲ ਦੇ ਉਸੇ ਖੇਤਰ ਤੋਂ ਗ੍ਰਿਫ਼ਤਾਰ ਕੀਤਾ, ਜਿੱਥੇ ਇੱਕ ਦਿਨ ਪਹਿਲਾਂ ਸਬੀਤਾ ਦੀ ਲਾਸ਼ ਮਿਲੀ ਸੀ। ਮਾਰੂਫ ਵਿਦਿਆਰਥੀ ਨਹੀਂ, ਉਹ ਟਿਊਨੀਸ਼ੀਅਨ ਨਾਗਰਿਕ ਹੈ, ਜਿਸ ਦਾ ਪਤਾ ਸਾਡੇ ਕੋਲ ਨਹੀਂ।' ਸਬਿਤਾ ਲੰਡਨ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਸੀ ਅਤੇ ਇੱਕ ਦਿਨ ਪਹਿਲਾਂ ਉਸ ਨੂੰ ਮਾਰੂਫ ਨਾਲ ਦੇਖਿਆ ਗਿਆ ਸੀ। ਫਿਲਹਾਲ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਬਲੋਚਿਸਤਾਨ ਦਾ ਰੀਕੋ ਦਿਕ ਪ੍ਰੋਜੈਕਟ ਮੁੜ ਕੇ ਸ਼ੁਰੂ ਹੋਵੇਗਾ

ਇਸਲਾਮਾਬਾਦ, 22 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀ ਬਲੋਚਿਸਤਾਨ ਰਾਜ ਦੀ ਸਰਕਾਰ ਅਤੇ ਬੈਰਿਕ ਗੋਲਡ ਕਾਰਪੋਰੇਸ਼ਨ ਵਿਚਾਲੇ ਰੀਕੋ ਦਿਕ ਪ੍ਰੋਜੈਕਟ ਦੀ ਮੁੜ ਸ਼ੁਰੂਆਤ ਕਰਨ ਲਈ ਸਮਝੌਤਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਲਾਇਸੈਂਸਿੰਗ ਪ੍ਰਕਿਰਿਆ ਉੱਤੇ ਵਿਵਾਦ ਕਾਰਨ ਸਾਲ 2011 ਵਿੱਚ ਪ੍ਰੋਜੈਕਟ ਸਸਪੈਂਡ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਕੰਪਨੀ ਤੇ ਹੋਰ ਧਿਰਾਂ ਵਿੱਚ ਕਰੀਬ 10 ਸਾਲ ਕਾਨੂੰਨੀ ਲੜਾਈ ਅਤੇ ਸਮਝੌਤੇ ਕਰਨ ਦੀ ਕੋਸ਼ਿਸ਼ ਚੱਲਦੀ ਰਹੀ। ਕੰਪਨੀ ਦਾ ਦਾਅਵਾ ਹੈ ਕਿ ਰੀਕੋ ਦਿਕ ਦੁਨੀਆ ਦੀ ਸਭ ਤੋਂ ਵੱਡੀ ਸੋਨੇ ਅਤੇ ਤਾਂਬੇ ਦੀਆਂ ਗੈਰ ਵਿਕ-ਸਿਤ ਖਾਣਾਂ ਵਿੱਚ ਸ਼ਾਮਲਹੈ। ਇਨ੍ਹੀਂ ਦਿਨੀਂ ਪਾਰਲੀਮੈਂਟ ਵਿੱਚ ਬੇਭਰੋਸਗੀ ਮਤੇ ਦਾ ਸਾਹਮਣਾ ਕਰ ਰਹੇ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਮਝੌਤੇ ਨੂੰ ਮੀਲ ਪੱਥਰ ਦੱਸ ਕੇ ਟਵੀਟ ਕੀਤਾ, ''ਮੈਂ ਦੇਸ਼ ਅਤੇ ਬਲੋਚਿਸਤਾਨ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ। ਕਰੀਬ 11 ਅਰਬ ਡਾਲਰ ਦੀ ਸਜ਼ਾ ਐਡਜਸਟ ਕਰ ਦਿੱਤੀ ਗਈ ਹੈ। ਬਲੋਚਿਸਤਾਨ ਵਿੱਚ 10 ਅਰਬ ਡਾਲਰ ਦਾ ਨਿਵੇਸ਼ ਹੋਵੇਗਾ, ਜਿਸ ਨਾਲ ਅੱਠ ਹਜ਼ਾਰ ਨੌਕਰੀਆਂ ਪੈਦਾ ਹੋਣਗੀਆਂ। ਰੀਕੋ ਦਿਕ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਸੋਨੇ ਤੇ ਤਾਂਬੇ ਦੀ ਖੱਡ ਦੀ ਸਮਰੱਥਾ ਹੈ। ਇਹ ਸਾਡੀ ਕਰਜ਼ੇ ਉੱਤੇ ਨਿਰਭਰਤਾ ਖਤਮ ਕਰ ਕੇ ਵਿਕਾਸ ਦੇ ਨਵਾਂ ਯੁੱਗ ਸ਼ੁਰੂ ਕਰੇਗੀ।'' ਮੁੜ ਗਠਿਤ ਪ੍ਰੋਜੈਕਟ ਵਿੱਚ ਬੈਰਿਕ ਤੇ ਪਾਕਿ ਸਰਕਾਰ ਦੀ 50-50 ਫੀਸਦੀ ਹਿੱਸੇਦਾਰੀ ਹੋਵੇਗੀ। ਪਾਕਿਸਤਾਨ ਸਰਕਾਰ ਦੇ ਹਿੱਸੇ ਦਾ 10 ਫੀਸਦੀ ਮੁਕਤ ਹੋਵ-ੇਗਾ, ਪਰ 15 ਫੀਸਦੀ ਦੀ ਹੱਕਦਾਰ ਬਲੋਚਿਸਤਾਨ ਦੀ ਕੰਪਨੀ ਹੋਵੇਗੀ। 25 ਫੀਸਦੀ ਹਿੱਸਾ ਫੈਡਰਲ ਸਰਕਾਰ ਤੇ ਹੋਰ ਕੰਪਨੀਆਂ ਦਾ ਹੋਵੇਗਾ। ਬੈਰਿਕ ਪ੍ਰੋਜੈਕਟ ਦਾ ਸੰਚਾਲਨ ਕਰੇਗੀ, ਜਿਸ ਕੋਲ ਮਾਈਨਿੰਗ ਲੀਜ਼, ਖੋਜ ਲਾਇਸੰਸ, ਸਤ੍ਹਾ ਦਾ ਅਧਿਕਾਰ ਤੇ ਕੁਝ ਹੋਰ ਅਧਿਕਾਰ ਹੋਣਗੇ।

ਬੈਰਿਕ ਦੇ ਪ੍ਰੈਜ਼ੀਡੈਂਟ ਅਤੇ ਸੀ ਈ ਓ ਨੇ ਕਿਹਾ, ''ਇਹ ਬਲੋਚਿ-ਸਤਾਨ ਵਿੱਚ ਵਿਦੇਸ਼ੀ ਨਿਵੇਸ਼ ਦਾ ਅਹਿਮ ਮੌਕਾ ਹੈ ਤੇ ਇਸ ਨਾਲ ਨਾ ਸਿਰਫ ਬਲੋਚਿਸਤਾਨ, ਸਗੋਂ ਪੂਰੇ ਦੇਸ਼ ਨੂੰ ਦਹਾਕਿਆਂ ਤਕ ਸਿੱਧੇ ਤੇ ਅਸਿੱਧੇ ਰੂਪ 'ਚ ਲਾਭ ਹੋਵੇਗਾ।''

## ਆਈ ਡੀ ਬੀ ਆਈ ਬੈਂਕ ਦੀ ਪ੍ਰਾਈਵੇਟਾਈਜ਼ੇਸ਼ਨ ਜਲਦੀ ਹੋਵੇਗੀ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਭਾਰਤ ਦੇ ਸਰਕਾਰੀ ਖੇਤਰ ਦੇ ਆਈ ਡੀ ਬੀ ਆਈ ਬੈਂਕ ਦੇ ਨਿੱਜੀਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਬੈਂਕ ਤੋਂ ਆਪਣੀ ਹਿੱਸੇਦਾਰੀ ਵੇਚਣ ਲਈ ਕੇਂਦਰ ਸਰਕਾਰ ਜਲਦ ਹੀ ਨਿਵੇਸ਼ਕਾਂ ਲਈ ਰੋਡ-ਸ਼ੋਅ ਕਰਨ ਦੀ ਤਿਆਰੀ ਵਿੱਚ ਹੈ।

ਵਿੱਤ ਰਾਜ ਮੰਤਰੀ ਭਗਵਤ ਕਿਸ਼ਨਰਾਵ ਕਰਾਡ ਨੇ ਲੋਕਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਹੈ ਕਿ ਸਰਕਾਰ ਦੀ ਯੋਜਨਾ ਰਣਨੀਤਕ ਨਿਵੇਸ਼ ਨਾਲ ਆਈ ਡੀ ਬੀ ਆਈ ਬੈਂਕ ਦਾ ਨਿਜੀਕਰਨ ਕਰਨ ਦੀ ਹੈ। ਉਨ੍ਹਾਂ ਨੇ ਪਾਰਲੀਮੈਂਟ ਨੂੰ ਭਰੋਸਾ ਦਿੱਤਾ ਕਿ ਬੈਂਕ ਮੁਲਾਜ਼ਮਾਂ ਅਤੇ ਸ਼ੇਅਰਧਾਰਕਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇਗਾ।ਕਰਾਡ ਨੇ ਕਿਹਾ ਕਿ ਸਰਕਾਰ ਆਈ ਡੀ ਬੀ ਆਈ ਬੈਂਕ ਵਿੱਚ ਰਣਨੀਤਕ ਪ੍ਰਵੇਸ਼ ਕਰੇਗੀ। ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਪਿਛਲੇ ਸਾਲ 5 ਮਈ ਨੂੰ ਬੈਂਕ ਦਾ ਨਿਜੀਕਰਨ ਕਰਨ ਅਤੇ ਮੈਨੇਜਮੈਂਟ ਕੰਟਰੋਲ ਬਦਲਣ ਦੀ ਮਨਜ਼ੂਰੀ ਦਿੱਤੀ ਸੀ। ਆਈ ਡੀ ਬੀ ਆਈ ਬੈਂਕ ਵਿੱਚ ਸਰਕਾਰ ਦੀ 45.48 ਫੀਸਦੀ ਤੇ ਸਰਕਾਰੀ ਜੀਵਨ ਬੀਮਾ ਕੰਪਨੀ ਐਲ ਆਈ ਸੀ ਦੀ 49.24 ਫੀਸਦੀ ਹਿੱਸੇਦਾਰੀ ਹੈ। ਕੇਂਦਰ ਸਰਕਾਰ ਅਤੇ ਐਲ ਆਈ ਸੀ ਕਿੰਨਾ ਹਿੱਸਾ ਵੇਚੇਗੀ, ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਪਿਛਲੇ ਮਹੀਨੇ ਐਲ ਆਈ ਸੀ ਨੇ ਇਹ ਕਿਹਾ ਸੀ ਕਿ ਉਹ ਬੈਂਕ ਵਿੱਚ ਆਪਣੀ ਕੁਝ ਹਿੱਸੇਦਾਰੀ ਰੱਖੇਗੀ ਤਾਂਕਿ ਬੈਂਕ ਜ਼ਰੀਏ ਬੀਮਾ ਯੋਜਨਾਵਾਂ ਨੂੰ ਵੇਚਣ ਦਾ ਫਾਇਦਾ ਲਿਆ ਜਾ ਸਕੇ। ਸਰਕਾਰ ਐਲ ਆਈ ਸੀ ਵਿੱਚ ਵੀ ਆਪਣੀ 5 ਫੀਸਦੀ ਹਿੱਸੇਦਾਰੀ ਆਈ ਪੀ ਓ ਜ਼ਰੀਏ ਵੇਚਣ ਵਾਲੀ ਹੈ। ਇਸ ਲਈ ਭਾਰਤੀ ਜੀਵਨ ਬੀਮਾ ਨਿਗਮ (ਐਲ ਆਈ ਸੀ) ਨੇ ਕੱਲ੍ਹ ਫਿਰ ਬਾਜ਼ਾਰ ਰੈਗੂਲੇਟਰੀ ਸੇਬੀ ਕੋਲ ਡੀ ਆਰ ਐਚ ਪੀ ਜਮ੍ਹਾ ਕੀਤਾ ਹੈ।ਵਿੱਤ ਰਾਜ ਮੰਤਰੀ ਭਗਵਤ ਕਰਾਡ ਨੇ ਦੱਸਿਆ ਕਿ ਸੰਭਾਵੀ ਨਿਵੇਸ਼ਕਾਂ ਵੱਲੋਂ ਰੁਚੀ ਪੱਤਰ ਜਮ੍ਹਾ ਕਰਵਾਉਣ ਪਿੱਛੋਂ ਰੋਡ-ਸ਼ੋਅ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਬੈਂਕ ਵਿੱਚ ਕੈਪੀਟਲ ਇਨਫਿਊਜ਼ਨ ਕਰਨਤੋਂ ਇਲਾਵਾ ਟੈਕਨਾਲੋਜੀ ਨੂੰ ਐਡਵਾਂਸ ਕੀਤਾ ਜਾਏਗਾ।

# ਸੁਪਰੀਮ ਕੋਰਟ ਦੀ ਕਮੇਟੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਵਿਰੁੱਧ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਤਿੰਨ ਖੇਤੀ ਕਾਨੂੰਨਾਂ ਦੇ ਅਧਿਅਨ ਲਈ ਸੁਪਰੀਮ ਕੋਰਟ ਵੱਲੋਂ ਨਿਯੁਕਤ ਕਮੇਟੀ ਨੇ ਇਨ੍ਹਾਂ ਨੂੰ ਕਿਸਾਨਾਂ ਲਈ ਲਾਹੇਵੰਦ ਦਸਦੇ ਹੋਏ ਰੱਦ ਨਾ ਕਰਨ ਦੀ ਸਿਫ਼ਰਾਸ਼ ਕੀਤੀ ਸੀ। ਪਿਛਲੇ ਸਾਲ ਨਵੰਬਰ ਵਿੱਚ ਪਾਰਲੀਮੈਂਟ ਨੇ ਤਿੰਨਾਂ ਵਿਵਾਦਤ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਸੀ।

ਸੁਪਰੀਮ ਕੋਰਟ ਨੂੰ 19 ਮਾਰਚ 2021 ਨੂੰ ਸੌਂਪੀ ਗਈ ਰਿਪੋਰਟ ਕੱਲ੍ਹ ਜਨਤਕ ਕੀਤੀ ਗਈ। ਇਸ ਤਿੰਨ ਮੈਂਬਰੀ ਕਮੇਟੀ ਨੇ ਸੂਬਿਆਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਪ੍ਰਣਾਲੀ ਨੂੰ ਕਾਨੂੰਨੀ ਰੂਪ ਦੇਣ ਦੀ ਆਜ਼ਾਦੀ ਸਮੇਤ ਕਾਨੂੰਨਾਂ ਵਿੱਚ ਕਈ ਬਦਲਾਅ ਕਰਨ ਦਾ ਵੀ ਸੁਝਾਅ ਦਿੱਤਾ ਸੀ।ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਅਨਿਲ ਘਨਵਟ,ਜੋ ਆਜ਼ਾਦ ਭਾਰਤ ਪਾਰਟੀ ਦੇ ਪ੍ਰਧਾਨ ਹਨ, ਨੇ ਕਿਹਾ,'19 ਮਾਰਚ 2021 ਨੂੰ ਅਸੀਂ ਸੁਪਰੀਮ ਕੋਰਟ ਨੂੰ ਰਿਪੋਰਟ ਸੌਂਪੀ। ਅਸੀਂ ਅਦਾਲਤ ਨੂੰ ਤਿੰਨ ਵਾਰ ਚਿੱਠੀ ਲਿਖ ਕੇ ਰਿਪੋਰਟ ਜਾਰੀ ਕਰਨ ਦੀ ਬੇਨਤੀ ਕੀਤੀ, ਪਰ ਸਾਨੂੰ ਕੋਈ ਜਵਾਬ ਨਾ ਮਿਲਿਆ।''ਉਨ੍ਹਾਂ ਕਿਹਾ,''ਮੈਂ ਅੱਜ ਰਿਪੋਰਟ ਜਾਰੀ ਕਰ ਰਿਹਾ ਹਾਂ। ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਲਈ ਇਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ।'' ਘਨਵਟ ਅਨੁਸਾਰ ਰਿਪੋਰਟ ਨਾਲ ਭਵਿੱਖ ਵਿੱਚ ਖੇਤੀ ਖੇਤਰ ਲਈ ਨੀਤੀਆਂ ਬਣਾਉਣ ਵਿੱਚ ਮਦਦ ਮਿਲੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ''ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨਾ ਜਾਂ ਲੰਮੇ ਸਮੇਂ ਤਕ ਸਸਪੈਂਡ ਕਰਨਾ ਉਸ ਖ਼ਾਮੋਸ਼ ਬਹੁਮਤ ਵਿਰੁੱਧ ਗਲਤ ਹੋਵੇਗਾ, ਜੋ ਖੇਤੀ ਕਾਨੂੰਨਾਂ ਦਾ ਸਮਰਥਨ ਕਰਦੇ ਹਨ।'' ਉਨ੍ਹਾਂ ਕਿਹਾ ਕਿ ਕਮੇਟੀ ਅੱਗੇ 73 ਸੰਗਠਨਾਂ ਨੇ ਆਪਣੀ ਗੱਲ ਰੱਖੀ, ਜਿਨ੍ਹਾਂ ਵਿੱਚੋਂ 3.3 ਕਰੋੜ ਕਿਸਾਨਾਂ ਦੀ ਅਗਵਾਈ ਕਰਦੇ 61 ਸੰਗਠਨਾਂ ਨੇ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ। ਘਨਵਟ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ (ਐਸ ਕੇ ਐਮ) ਦੇ ਬੈਨਰ ਹੇਠ ਅੰਦੋਲਨ ਕਰਦੇ 40 ਸੰਗਠਨਾਂ ਨੇ ਵਾਰ-ਵਾਰ ਸੱਦਣ ਦੇ ਬਾਵਜੂਦ ਆਪਣੀ ਰਾਏ ਨਹੀਂ ਦਿੱਤੀ।

# ਰਾਸ਼ਟਰਪਤੀ ਨੇ 54 ਸ਼ਖਸੀਅਤਾਂ ਨੂੰ ਪਦਮ ਐਵਾਰਡ ਦਿੱਤੇ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਇੱਥੇ ਕੱਲ੍ਹ ਰਾਸ਼ਟਰਪਤੀ ਭਵਨ ਵਿੱਚ ਪੁਰਸਕਾਰ ਵੰਡ ਸਮਾਰੋਹ ਦੌਰਾਨ ਭਾਤਰ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਵੱਖ-ਵੱਖ ਖੇਤਰਾਂ ਦੀਆਂ 54 ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਦੇ ਨਾਲ ਸਨਮਾਨਿਤ ਕੀਤਾ। ਇਨ੍ਹਾਂ ਕੀਤੀਆਂ ਸ਼ਖਸੀਅਤਾਂ ਵਿੱਚ ਭਾਰਤ ਦੇ ਪਹਿਲੇ ਚੀਫ ਆਫ ਡਿਫੈਂਸ ਸਟਾਫ ਮਰਹੂਮ ਜਨਰਲ ਬਿਪਿਨ ਚੰਦਰ ਰਾਵਤ ਅਤੇ ਹਿੰਦੂ ਧਰਮ ਦੇ ਬਾਰੇ ਕਿਤਾਬਾਂ ਛਾਪਣ ਵਾਲੀ ਗੀਤਾ ਪ੍ਰੈਸ ਦੇ ਸਾਬਕਾ ਚੇਅਰਮੈਨ ਮਰਹੂਮ ਰਾਧੇਸ਼ਾਮ ਖੇਮਕਾ ਤੋਂ ਇਲਾਵਾ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਵੀ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਜਨਰਲ ਰਾਵਤ ਦਾ ਪਿਛਲੇ ਦਸੰਬਰ ਵਿੱਚ ਹੈਲੀਕਾਪਟਰ ਹਾਦਸੇ ਵਿੱਚ ਦਿਹਾਂਤ ਹੋ ਗਿਆ ਸੀ। ਇਸ ਸਮਾਰੋਹ ਵਿੱਚ ਪੰਜਾਬ ਦੀ ਉਘੀ ਲੋਕ ਗਾਇਕਾ ਗੁਰਮੀਤ ਬਾਵਾ ਨੂੰ ਵੀ ਮਰਨ ਉਪਰੰਤ ਪਦਮ ਭੂਸ਼ਣ ਇਨਾਮ ਦਿੱਤਾ ਗਿਆ, ਜਿਹੜਾ ਉਨ੍ਹਾਂ ਦੀ ਧੀ ਨੇ ਪ੍ਰਾਪਤ ਕੀਤਾ। ਇਸ ਦੇ ਨਾਲ ਪੰਜਾਬ ਦੇ ਸਮਾਜ ਸੇਵੀ ਪ੍ਰੇਮ ਸਿੰਘ ਨੂੰ ਪਦਮ ਸ੍ਰੀ ਪੁਰਸਕਾਰ ਦਿੱਤਾ ਗਿਆ। ਜਨਰਲ ਰਾਵਤ ਅਤੇ ਰਾਧੇਸ਼ਾਮ ਖੇਮਕਾ ਨੂੰ ਪਦਮ ਵਿਭੂਸ਼ਣ ਦਿੱਤਾ ਗਿਆ ਹੈ, ਜਦ ਕਿ ਗੁਲਾਮ ਨਬੀ ਆਜ਼ਾਦ, ਟਾਟਾ ਸੰਨਜ਼ ਦੇ ਚੇਅਰਮੈਨ ਐਨ ਚੰਦਰਸ਼ੇਖਰਨ, ਸਾਬਕਾ ਸੀ ਏ ਜੀ ਰਾਜੀਵ ਮਹਿਰਿਸ਼ੀ, ਭਾਰਤੀ ਸੀਰਮ ਸੰਸਥਾ ਦੇ ਮੋਢੀ ਸਾਇਰਸ ਪੂਨਾਵਾਲਾ, ਜਿਨ੍ਹਾਂ ਨੇ ਕੋਵਿਡ-19 ਵਿਰੋਧੀ ਵੈਕਸੀਨ ਕੋਵੀਸ਼ੀਲਡ ਬਣਾਈ, ਉਨ੍ਹਾਂ ਅੱਠ ਲੋਕਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਪਦਮ ਭੂਸ਼ਣ ਦੇ ਕੇ ਸਨਮਾਨਤ ਕੀਤਾ ਗਿਆ ਹੈ।ਇਸ ਸਾਲ 'ਭਾਰਤ ਰਤਨ' ਲਈ ਕਿਸੇ ਦਾ ਨਾਂਅ ਨਹੀਂ ਲਿਆ ਗਿਆ। ਇਹ ਪੁਰਸਕਾਰ ਆਖਰੀ ਵਾਰ 2019 ਵਿੱਚ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ, ਸਮਾਜ ਸੁਧਾਰਕ ਨਾਨਾਜੀ ਦੇਸ਼ਮੁਖ ਤੇ ਮਸ਼ਹੂਰ ਗਾਇਕ ਭੂਪੇਨ ਹਜ਼ਾਰਿਕਾ ਨੂੰ ਮਿਲਿਆ ਸੀ।ਜਨਰਲ ਰਾਵਤ ਲਈ ਇਨਾਮ ਉਨ੍ਹਾਂ ਦੀਆਂ ਧੀਆਂ ਨੇ ਅਤੇ ਖੇਮਕਾ ਲਈ ਐਵਾਰਡ ਉਨ੍ਹਾਂ ਦੇ ਇੱਕ ਨੇੜਲੇ ਪਰਵਾਰਕ ਮੈਂਬਰ ਨੇ ਲਿਆ। ਪਦਮ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ 125 ਸਾਲਾ ਯੋਗ ਗੁਰੂ ਸਵਾਮੀ ਸ਼ਿਵਾਨੰਦ ਸਣੇ ਕਈ ਹੋਰ ਸ਼ਖਸੀਅਤਾਂ ਸ਼ਾਮਲ ਹਨ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿੱਚ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਸ਼ਾਮਲ ਸਨ। ਐਵਾਰਡਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ ਮੌਕੇ ਕੀਤਾ ਜਾਂਦਾ ਹੈ। ਇਸ ਸਾਲ ਕੁੱਲ 128 ਪਦਮ ਪੁਰਸਕਾਰ ਦਿੱਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਦੋ ਕੇਸਾਂ ਵਿੱਚ ਦੋ-ਦੋ ਜਣਿਆਂ ਨੂੰ ਇਨਾਮ ਦਿੱਤਾ ਗਿਆ ਹੈ, ਪਰ ਇਸ ਨੂੰ ਇੱਕੋ ਪੁਰਸਕਾਰ ਮੰਨਿਆ ਜਾਂਦਾ ਹੈ। ਇਸ ਸਾਲ ਦੇ ਪੁਰਸਕਾਰਾਂ ਦੀ ਸੂਚੀ ਵਿੱਚ ਚਾਰ ਪਦਮ ਵਿਭੂਸ਼ਣ, 17 ਪਦਮ ਭੂਸ਼ਣ ਅਤੇ 107 ਪਦਮ ਸ੍ਰੀ ਪੁਰਸਕਾਰ ਸ਼ਾਮਲ ਹਨ।

## ਮਾਂ ਤੋਂ ਬੱਚੇ ਨੂੰ ਕੋਰੋਨਾ ਇਨਫੈਕਸ਼ਨ ਦਾ ਖਤਰਾ ਬਹੁਤ ਘੱਟ



ਲੰਡਨ, 22 ਮਾਰਚ (ਪੋਸਟ ਬਿਊਰੋ)- ਸਾਰਸਕੋਵ-2 ਵਾਇਰਸ ਕਾਰਨ ਹੋਣ ਵਾਲੀ ਕੋਵਿਡ-19 ਬਿਮਾਰੀ ਬਾਰੇ ਕੀਤੇ ਗਏ ਸਰਵੇ ਵਿੱਚ ਪਤਾ ਲੱਗਾ ਹੈ ਕਿ ਜਣੇਪੇ ਤੋਂ ਪਹਿਲਾਂ ਜਾਂ ਬਾਅਦ ਬੱਚੇ ਨੂੰ ਉਸ ਦੀ ਮਾਂ ਤੋਂ ਇਨਫੈਕਸ਼ਨ ਦਾ ਖਤਰਾ ਬੇਹੱਦ ਘੱਟ ਹੈ। ਬੀ ਐਮ ਜੇ ਵਿੱਚ ਛਪੀ ਰਿਪੋਰਟ ਵਿੱਚਇਹ ਗੱਲ ਸਾਹ-ਮਣੇ ਆਈ ਹੈ।

ਇਸ ਖੋਜ 'ਚ ਪਤਾ ਲੱਗਾ ਹੈ ਕਿ ਇਨਫੈਕਟਿਡ ਮਾਤਾ ਤੋਂ ਜਨਮੇ ਬੱਚੇ ਜੋ ਕੋਵਿਡ ਦੀ ਲਪੇਟ ਵਿੱਚ ਆਏ, ਉਨ੍ਹਾਂ ਦੀ ਗਿਣਤੀ ਦੋ ਫੀਸਦੀ ਹੈ। ਮਾਤਾ ਦੇ ਕੋਵਿਡ-19 ਦੇ ਗੰਭੀਰ ਇਨਫੈਕਸ਼ਨ ਦੀ ਲਪੇਟ ਵਿੱਚ ਆਉਣ ਜਾਂ ਜਣੇਪੇ ਦੇ ਬਾਅਦ ਇਨਫੈਕਸ਼ਨ ਹੋਣ ਕਾਰਨ ਬੱਚੇ ਨੂੰ ਕੋਰੋਨਾ ਵਾਇਰਸ ਦਾ ਖਤਰਾ ਵੱਧ ਹੈ। ਬ੍ਰਿਟੇਨ ਦੇ ਬਰਮਿੰਘਮ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਅਗਵਾਈ ਵਿੱਚ ਇੱਕ ਟੀਮ ਨੇ ਕਿਹਾ ਹੈ ਕਿ ਨਾਰਮਲ ਇਲਾਜ ਪ੍ਰਣਾਲੀ ਦੇ ਤਹਿਤ ਜਨਮ ਲੈਣ ਵਾਲੇ ਬੱਚਿਆਂ ਅਤੇ ਫੀਡ ਲੈਣ ਵਾਲੇ ਬੱਚਿਆਂ ਨੂੰ ਆਪਣੀ ਮਾਂ ਤੋਂ ਇਨਫੈਕਸ਼ਨ ਦਾ ਖਤਰਾ ਵੀ ਘੱਟ ਹੈ।ਖੋਜਕਾਰਾਂ ਨੇ ਪੂਰੀ ਦੁਨੀਆ ਤੋਂ ਅੰਕੜੇ ਇਕੱਠੇ ਕੀਤੇ ਅਤੇ ਅਜਿਹੇ 14 ਹਜ਼ਾਰ ਤੋਂ ਵੱਧ ਬੱਚਿਆਂ ਦੀ ਨਿਗਰਾਨੀ ਕੀਤੀ ਹੈ, ਜਿਨ੍ਹਾਂ ਨੂੰ ਕੋਰੋਨਾ ਵਾਇਰਸ ਦੌਰਾਨ ਇਨਫੈਕਟਿਡ ਮਾਂ ਨੇ ਜਨਮ ਦਿੱਤਾ। ਸਰਵੇ ਵਿੱਚ ਸ਼ਾਮਲ ਕੀਤੇ 14271 ਬੱਚਿਆਂ ਵਿੱਚੋਂ ਕੇਵਲ 1.8 ਫੀਸਦੀ ਬੱਚੇ ਸਾਰਸ-ਕੋਵ-2 ਤੋਂ ਇਨਫੈਕਟਿਡ ਸਨ। ਖੋਜਕਾਰਾਂ ਨੇ ਕਿਹਾ ਕਿ ਪ੍ਰੈਗਨੈਂਸੀ ਦੌਰਾਨ ਟੀਕਾਕਰਣ ਨੂੰ ਹੋਰ ਵੱਧ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਕਿ ਗਰਭਵਤੀ ਔਰਤਾਂ ਵਿੱਚ ਇਨਫੈਕਸ਼ਨ ਤੇ ਗੰਭੀਰ ਬਿਮਾਰੀ ਰੋਕੀ ਜਾ ਸਕੇ।

## ਯੂਕਰੇਨ ਤੋਂ ਪਰਤੇ ਵਿਦਿਆਰਥੀ ਹੰਗਰੀ 'ਚ ਪੜ੍ਹਾਈ ਕਰ ਸਕਣਗੇ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਯੂਕਰੇਨ ਤੋਂ ਪਰਤੇ ਮੈਡੀਕਲ ਦੇ ਭਾਰਤੀ ਵਿਦਿਆਰਥੀਆਂ ਦੇ ਲਈ ਅਗਲੀ ਪੜ੍ਹਾਈ ਹੰਗਰੀ ਵਿੱਚ ਪੂਰੀ ਕਰਨ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

ਸੁਪਰੀਮ ਕੋਰਟ ਵਿੱਚ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਵੀ ਦੱਸਿਆ ਕਿ ਸਰਕਾਰ ਇਨ੍ਹਾਂ ਵਿਦਿਆਰਥੀਆਂ ਦੀ ਅੱਗੇ ਦੀ ਪੜ੍ਹਾਈ ਜਾਰੀ ਰੱਖਣ ਦੇ ਬਾਰੇ ਵਿਚਾਰ ਕਰ ਰਹੀ ਹੈ।ਲੋਕ ਸਭਾ ਵਿੱਚ ਜ਼ੀਰੋ ਆਵਰ ਦੌਰਾਨ ਯੂਕਰੇਨ ਤੋਂ ਪਰਤੇ ਮੈਡੀਕਲ ਵਿਦਿਆਰਥੀਆਂ ਦਾ ਮੁੱਦਾ ਚੁੱਕਦੇ ਹੋਏ ਸੰਦੀਪ ਬੰਦੋਪਾਧਿਆਏ ਨੇ ਕਿਹਾ ਕਿ ਇਸ ਉੱਤੇ ਕਈ ਸੁਝਾਵਾਂ ਦੇ ਨਾਲ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਸੀ, ਜਿਸ ਦੌਰਾਨ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਸਰਕਾਰ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਸੰਵੇਦਨਸ਼ੀਲ ਹੈ ਤੇ ਇਨ੍ਹਾਂ ਸਾਰੇ ਵਿਦਿਆਰਥੀਆਂ ਦੀ ਅੱਗੇ ਦੀ ਪੜ੍ਹਾਈ ਜਾਰੀ ਰੱਖਣ ਲਈ ਹੰਗਰੀ ਨਾਲ ਗੱਲਬਾਤ ਚੱਲ ਰਹੀ ਹੈ। ਦੂਸਰੇ ਪਾਸੇ ਸੁਪਰੀਮ ਕੋਰਟ ਵਿੱਚ ਸਰਕਾਰ ਨੇ ਦੱਸਿਆ ਕਿ ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਦਾ ਕੰਮ ਪੂਰਾ ਹੋ ਗਿਆ ਅਤੇ ਕੁੱਲ 22,500 ਵਿਦਿਆਰਥੀ ਵਾਪਸ ਲਿਆਂਦੇ ਗਏ ਹਨ। ਕੇਸ ਦੀ ਸੁਣਵਾਈ ਕਰ ਰਹੇ ਚੀਫ ਜਸਟਿਸ ਐਨ ਵੀ ਰਾਮੰਨਾ ਦੇ ਪ੍ਰਧਾਨਗੀ ਵਾਲੇ ਬੈਂਚ ਨੇ ਸਰਕਾਰ ਵੱਲੋਂ ਕਹੀਆਂ ਗੱਲਾਂ ਨੂੰ ਆਦੇਸ਼ ਵਿੱਚ ਦਰਜ ਕਰ ਕੇ ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਨੂੰ ਵਾਪਸ ਲਿਅਉਣ ਅਤੇ ਉਨ੍ਹਾਂ ਦੀ ਪੜ੍ਹਾਈ ਜਾਰੀ ਰੱਖਣ ਦੀ ਮੰਗ ਵਾਲੀਆਂ ਪਟੀਸ਼ਨਾਂ ਨਿਪਟਾ ਦਿੱਤੀਆਂ ਹਨ।

## ਕੋਰੋਨਾ ਨਾਲ ਮੌਤ ਦੇ ਮੁਆਵਜ਼ੇ ਲਈ ਚਾਰ ਹਫ਼ਤਿਆਂ ਦਾ ਸਮਾਂ ਨਾਕਾਫੀ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਕਿ ਕੋਵਿਡ-19 ਕਾਰਨ ਹੋਈ ਮੌਤ ਦੇ ਕੇਸ ਵਿੱਚ ਅਧਿਕਾਰੀਆਂ ਤੋਂ ਐਕਸ ਗ੍ਰੇਸ਼ੀਆ ਦੇ ਭੁਗਤਾਨ ਦਾ ਦਾਅਵਾ ਕਰਨ ਲਈ ਕੇਂਦਰ ਵੱਲੋਂ ਚਾਰ ਹਫ਼ਤਿਆਂ ਦਾ ਸਮਾਂ ਦੇਣਾ ਕਾਫੀ ਨਹੀਂ, ਕਿਉਂਕਿ ਮ੍ਰਿਤਕ ਦੇ ਪਰਵਾਰ ਆਪਣੇ ਜੀਅ ਦੀ ਮੌਤ ਕਾਰਨ ਪ੍ਰੇਸ਼ਾਨ ਹੋਣਗੇ।

ਅਦਾਲਤ ਨੇ ਸੰਕੇਤ ਦਿੱਤਾ ਹੈ ਕਿ ਅਜਿਹੇ ਸਾਰੇ ਲੋਕਾਂ ਨੂੰ 60 ਦਿਨਾਂ ਦਾ ਸਮਾਂ ਦਿੱਤਾ ਜਾਏਗਾ, ਜੋ ਨਿਰਧਾਰਤ ਮਿਤੀ ਉੱਤੇ ਮੁਆਵਜ਼ੇ ਲਈ ਅਰਜ਼ੀ ਦੇਣ ਦੇ ਯੋਗ ਹਨ ਅਤੇ ਭਵਿੱਖ ਦੇ ਦਾਅਵਾਕਰਤਾਵਾਂ ਨੂੰ 60 ਦਿਨਾਂ ਦਾ ਸਮਾਂ ਦਿੱਤਾ ਜਾਏਗਾ। ਬੈਂਚ ਨੇ ਕਿਹਾ ਕਿ ਜੇ ਕੋਈ ਮੌਤ ਹੁੰਦੀ ਹੈ ਤਾਂ ਪਰਵਾਰ ਨੂੰ ਇਸ ਦੁੱਖ ਤੋਂ ਉਭਰਨ ਵਿੱਚ ਸਮਾਂ ਲੱਗਾ ਅਤੇ ਫਿਰ ਉਹ ਦਾਅਵਾ ਪ੍ਰਗਟਾਏਗਾ। ਸੁਪਰੀਮ ਕੋਰਟ ਨੇ ਕਿਹਾ ਕਿ ਰਾਸ਼ਟਰੀ ਆਫਤ ਪ੍ਰਬੰਧਕੀ ਅਥਾਰਿਟੀ ਨੂੰ ਕੋਵਿਡ-19 ਨਾਲ ਮੌਤ ਲਈ ਮੁਆਵਜ਼ੇ ਦੇ ਫਰਜ਼ੀ ਦਾਅਵਿਆਂ ਦਾ ਪਤਾ ਲਾਉਣਾ ਚਾਹੀਦਾ ਹੈ।




# ਆਸਟਰੇਲੀਆ ਨੇ ਭਾਰਤ ਨੂੰ 29 ਪੁਰਾਤਨ ਵਸਤਾਂ ਵਾਪਸ ਕੀਤੀਆਂ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਆਸਟਰੇਲੀਆ ਨੇ ਭਗਵਾਨ ਸ਼ਿਵ, ਵਿਸ਼ਣੂ ਅਤੇ ਜੈਨ ਪਰੰਪਰਾ ਆਦਿ ਨਾਲ ਸਬੰਧਤ 29 ਪੁਰਾਤਨ ਵਸਤਾਂ ਭਾਰਤ ਨੂੰ ਵਾਪਸ ਕੀਤੀਆਂ ਹਨ, ਜਿਨ੍ਹਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਰੀਖਣ ਕੀਤਾ ਸੀ। ਸਰਕਾਰੀ ਸੂਤਰਾਂ ਨੇ ਕੱਲ੍ਹ ਇਹ ਜਾਣਕਾਰੀ ਦਿੱਤੀ।

ਇਹ ਪੁਰਾਤਨ ਵਸਤਾਂ ਵੱਖ-ਵੱਖ ਸਮੇਂ ਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ 9ਵੀਂ-10ਵੀਂ ਸਦੀ ਈਸਵੀ ਪਹਿਲਾਂ ਦੀਆਂ ਹਨ। ਸੂਤਰਾਂ ਨੇ ਦੱਸਿਆ ਕਿ ਇੱਕ ਇਤਿਹਾਸਕ ਕਦਮ ਵਿੱਚ ਆਸਟਰੇਲੀਆ ਨੇ ਭਾਰਤ ਨੂੰ 29 ਪੁਰਾਤਨ ਵਸਤਾਂ ਵਾਪਸ ਕਰ ਦਿੱਤੀਆਂ ਹਨ।ਇਹ ਪੁਰਾਤਨ ਵਸਤਾਂ ਛੇ ਸ਼੍ਰੇਣੀਆਂ ਨਾਲ ਸਬੰਧਤ ਹਨ, 'ਸ਼ਿਵ ਤੇ ਉਨ੍ਹਾਂ ਦੇ ਚੇਲੇ, 'ਸ਼ਕਤੀ ਦੀ ਪੂਜਾ' 'ਭਗਵਾਨ ਵਿਸ਼ਣੂ ਤੇ ਉਨ੍ਹਾਂ ਦੇ ਰੂਪ', ਜੈਨ ਪਰੰਪਰਾ, ਚਿੱਤਰਕਾਰੀ ਅਤੇ ਸਜਾਵਟੀ ਵਸਤੂਆਂ। ਇਹ ਮੁੱਖ ਤੌਰ ਉੱਤੇ ਰੇਤ ਦੇ ਪੱਥਰ, ਸੰਗਮਰਮਰ, ਕਾਂਸੀ, ਪਿੱਤਲ ਅਤੇ ਕਾਗਜ਼ ਉੱਤੇ ਪੇਂਟਿੰਗ ਵਰਗੀਆਂ ਵੱਖ-ਵੱਖ ਤਰ੍ਹਾਂ ਦੀਆਂ ਸਮੱਗਰੀਆਂ ਨਾਲ ਬਣੀਆਂ ਹਨ। ਇਹ ਪੁਰਾਤਨ ਵਸਤਾਂ ਰਾਜਸਥਾਨ, ਗੁਜਰ-ਾਤ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਤਾਮਿਲਨਾਡੂ, ਤੇਲੰਗਨਾ ਅਤੇ ਪੱਛਮੀ ਬੰਗਾਲ ਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸਟਰੇਲੀਆਈ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨਾਲ ਆਨਲਾਈਨ ਗੱਲਬਾਤ ਕੀਤੀ ਅਤੇ ਇਸ ਦੇ ਬਾਅਦ ਇਹ ਚੀਜ਼ਾਂ ਮਿਲੀਆਂ ਹਨ।

## ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149





# ਰਾਮਦੇਵ ਵਿਰੋਧੀ ਲਿੰਕ ਹਟਾਉਣ ਦੇ ਹੁਕਮਾਂ ਖਿਲਾਫ ਪਟੀਸ਼ਨਾਂ ’ਤੇ 10 ਮਈ ਨੂੰ ਸੁਣਵਾਈ ਹੋਵੇਗੀ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੱਲ੍ਹ ਕਿਹਾ ਕਿ ਉਹ ਫੇਸਬੁਕ, ਟਵਿੱਟਰ ਅਤੇ ਗੂਗਲ ਦੀਆਂ ਪਟੀਸ਼ਨਾਂ ਉੱਤੇ10 ਮਈ ਨੂੰ ਸੁਣਵਾਈ ਕਰੇਗਾ।




ਇਨ੍ਹਾਂ ਪਟੀਸ਼ਨਾਂ ਵਿੱਚ ਉਨ੍ਹਾਂ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਵਿੱਚ ਯੋਗ ਗੁਰੂ ਰਾਮਦੇਵ ਖਿਲਾਫ ਮਾਣ-ਹਾਨੀ ਦੇ ਦੋਸ਼ਾਂ ਵਾਲੇ ਵੀਡੀਓ ਦੇ ਲਿੰਕ ਨੂੰ ਵਿਸ਼ਵ ਪੱਧਰ ਉੱਤੇ ਹਟਾਉਣ ਨੂੰ ਕਿਹਾ ਗਿਆ ਸੀ। ਜਸਟਿਸ ਰਾਜੀਵ ਸ਼ਕਧਰ ਤੇ ਜਸਟਿਸ ਜਸਮੀਤ ਸਿੰਘ ਦੇ ਬੈਂਚ ਨੇ ਸੁਣਵਾਈ ਦੀ ਅਗਲੀ ਤਰੀਕ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਸਬੰਧਤ ਧਿਰਾਂ ਨੂੰ ਲਿਖਤੀ ਦਲੀਲਾਂ ਪੇਸ਼ ਕਰਨ ਲਈ ਕਿਹਾ ਅਤੇ ਮਈ ਵਿੱਚ ਸੁਣਵਾਈ ਲਈ ਅਪੀਲਾਂ ਨੂੰ ਸੂਚੀਬੱਧ ਕੀਤਾ ਹੈ।ਬੈਂਚ ਨੇ ਕਿਹਾ ਕਿ 28 ਜਨਵਰੀ 2020 ਦੇ ਅੰਤ੍ਰਿਮ ਹੁਕਮ, ਜਿਸ ਵਿੱਚ ਅਪੀਲਕਰਤਿਆਂ ਖਿਲਾਫ ਅਦਾਲਤ ਦੀ ਹੱਤਕ ਦੇ ਦੋਸ਼ਾਂ ਤਹਿਤ ਕੋਈ ਕਾਰਵਾਈ ਨਾ ਕਰਨ ਦਾ ਹੁਕਮ ਦਿੱਤਾ ਗਿਆ ਸੀ, ਜਾਰੀ ਰਹੇਗਾ। ਫੇਸਬੁੱਕ, ਟਵਿੱਟਰ ਅਤੇ ਗੂਗਲ ਨੇ 23 ਅਕਤੂਬਰ 2019 ਦੇ ਅਦਾਲਤੀ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਨੂੰ ਤੇ ਗੂਗਲ ਦੀ ਸਹਾਇਕ ਕੰਪਨੀ ਯੂ-ਟਿਊਬ ਨੂੰ ਰਾਮਦੇਵ ਖਿਲਾਫ ਮਾਣਹਾਨੀ ਦੇ ਦੋਸ਼ਾਂ ਵਾਲੇ ਵੀਡੀਓ ਦੇ ਲਿੰਕ ਨੂੰ ਵਿਸ਼ਵ ਪੱਧਰ ਉੱਤੇ ਹਟਾਉਣ ਅਤੇ ਬਲਾਕ ਕਰਨ ਦਾ ਹੁਕਮ ਦਿੱਤਾ ਗਿਆ ਸੀ। ਅਦਾਲਤ ਨੇ ਮੰਨਿਆ ਕਿ ਸਿਰਫ ‘ਜੀਓ-ਬਲਾਕਿੰਗ' ਜਾਂ ਭਾਰਤ ਦੇ ਦਰਸ਼ਕਾਂ ਲਈ ਮਾਣਹਾਨੀ ਵਾਲੀ ਸਮੱਗਰੀ ਤਕ ਪਹੁੰਚ ਉੱਤੇ ਰੋਕ ਲਗਾਉਣ ਜਿਵੇਂ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ, ਕਾਫੀ ਨਹੀਂ ਹੋਵੇਗਾ।

# ਈ ਡੀ ਵੱਲੋਂ ਤ੍ਰਿਣਮੂਲ ਐਮ ਪੀ ਬੈਨਰਜੀ ਤੋਂ ਅੱਠ ਘੰਟੇ ਪੁੱਛਗਿੱਛ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪੱਛਮੀ ਬੰਗਾਲ ਵਿੱਚ ਕੋਲਾ ਘੋਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਇੱਕ ਕੇਸ ਵਿੱਚ ਤ੍ਰਿਣਮੂਲ ਕਾਂਗਰਸ ਦੇ ਐਮ ਪੀ ਅਭਿਸ਼ੇਕ ਬੈਨਰਜੀ (34)ਤੋਂ ਇੱਥੇ ਆਪਣੇ ਦਫਤਰ ਵਿੱਚ ਅੱਠ ਘੰਟੇ ਤਕ ਪੁੱਛਗਿੱਛ ਕੀਤੀ ਹੈ।

ਤ੍ਰਿਣਮੂਲ ਕਾਂਗਰਸ ਦੇ ਕੌਮੀ ਜਨਰਲ ਸੈਕਟਰੀਅਭਿਸ਼ੇਕ ਬੈਨਰਜੀ ਕੱਲ੍ਹ ਕੇਂਦਰੀ ਜਾਂਚ ਏਜੰਸੀ ਦੇ ਨਵੇਂ ਦਫਤਰ ਵਿੱਚ ਸਵੇਰੇ ਕਰੀਬ 11 ਵਜੇ ਪਹੁੰਚੇ ਅਤੇ ਰਾਤ ਅੱਠ ਵਜੇ ਤੋਂ ਕੁਝ ਪਹਿਲਾਂ ਉਨ੍ਹਾਂ ਨੂੰ ਬਾਹਰ ਨਿਕਲਦੇ ਦੇਖਿਆ ਗਿਆ। ਅਭਿਸ਼ੇਕ ਬੈਨਰਜੀ ਦੇ ਨਾਲ ਉਨ੍ਹਾਂ ਦੇ ਸੁਰੱਖਿਆ ਗਾਰਡ ਤੇ ਕਾਨੂੰਨੀ ਟੀਮ ਸੀ।ਅਧਿਕਾਰੀਆਂ ਨੇ ਦੱਸਿਆ ਕਿ ਅਭਿਸ਼ੇਕ ਬੈਨਰਜੀ ਦੇ ਬਿਆਨ ਮਨੀ ਲਾਂਡਰਿੰਗ ਰੋਕੂ ਐਕਟ (ਪੀ ਐਮ ਐਲ ਏ) ਹੇਠ ਦਰਜ ਕੀਤੇ ਗਏ ਅਤੇ ਜਾਂਚਕਾਰਾਂ ਦੁਆਰਾ ਇਕੱਠੇ ਕੀਤੇ ਕੁਝ ਸਬੂਤਾਂ ਦੇ ਬਾਰੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਦੀ ਭੂਮਿਕਾ ਅਤੇ ਬਾਕੀ ਦੋਸ਼ੀਆਂ ਨਾਲ ਉਨ੍ਹਾਂ ਦੇ ਸੰਬੰਧਾਂ ਦੀ ਜਾਂਚ ਚੱਲ ਰਹੀ ਹੈ। ਡਾਇਮੰਡ ਹਾਰਬਰ ਤੋਂ ਐਮ ਪੀ ਬੈਨਰਜੀ ਤੋਂ ਇਸ ਮਾਮਲੇ ਵਿੱਚ ਪਿਛਲੇ ਸਾਲ ਸਤੰਬਰ ਵਿੱਚ ਵੀ ਇੱਕ ਵਾਰ ਪੁੱਛਗਿੱਛ ਕੀਤੀ ਗਈ ਸੀ। ਉਨ੍ਹਾਂ ਦੀ ਪਤਨੀ ਰੁਜਿਰਾ ਨੂੰ ਵੀ ਇਸੇ ਮਾਮਲੇ ਵਿੱਚ ਪੁੱਛਗਿੱਛ ਲਈ ਮੰਗਲਵਾਰ ਨੂੰ ਤਲਬ ਕੀਤਾ ਗਿਆ ਸੀ।


ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9” ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com





Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post






ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਫੌਨਾਂ ਦੇ ਸਸਤੇ ਪਲਾਨ ਗਾਂਰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



647-998-7500 ਬਲਵਿੰਦਰ

## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades

BRAMPTON, ONTARIO — Call Jag Aujla For Details

| | | |
|---|---|---|
| SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood | SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird | SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell |
| SOLD @101% OF ASKING PRICE — 12 Laurelcrest St, Queen / Laurelcrest / Hwy 410 | SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410 | SOLD @99% OF ASKING PRICE — 11 Van Hoof Crest, Castlemore/ Goreway / Latania |
| SOLD $121,000 OVER ASKING IN 6 DAYS Caledon — 42 Pinedale Ave, Kennedy / Dougall | SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood | SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy |

**FREE**
- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8

**SOLD — $1,399,999 — CASTLEMORE/GOREWAY**
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE — $1,749,900 — 8337 ਗਲਫ ਲਾਈਨ**
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉੱਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE — $1,950,000 — 26 Yellow RomeRd**
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉੱਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

## HELP WANTED

DUNDAS-JAFINE

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017